Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 19*Issue 188 | Wednesday, September 30, 2020 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਲਾਂਗ ਟਰਮ ਕੇਅਰ ਹੋਮਜ਼ ਲਈ ਫੋਰਡ ਸਰਕਾਰ ਨੇ ਐਲਾਨੀਆਂ ਨਵੀਆਂ ਪਾਬੰਦੀਆਂ

## ਰੈਜ਼ੀਡੈਂਟਸ, ਕੇਅਰਗਿਵਰਜ਼ ਤੇ ਅਮਲੇ ਦੀ ਹਿਫਾਜ਼ਤ ਲਈ 540 ਮਿਲੀਅਨ ਡਾਲਰ ਨਿਵੇਸ਼ ਕਰੇਗੀ ਫੋਰਡ ਸਰਕਾਰ



ਓਨਟਾਰੀਓ, 29 ਸਤੰਬਰ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਕੋਵਿਡ-19 ਮਹਾਂਮਾਰੀ ਕਾਰਨ ਸੱਭ ਤੋਂ ਵੱਧ ਪ੍ਰਭਾਵਿਤ ਹੋਏ ਕੁੱਝ ਲਾਂਗ ਟਰਮ ਕੇਅਰ ਹੋਮਜ਼ ਵਿੱਚ ਸੋਮਵਾਰ ਤੋਂ ਵਿਜ਼ੀਟਰਜ਼ ਉੱਤੇ ਪਾਬੰਦੀ ਲਾਈ ਜਾਵੇਗੀ।

ਇੱਥੋਂ ਦਾ ਸਟਾਫ, ਅਸੈਂਸ਼ੀਅਲ ਵਿਜ਼ੀਟਰਜ਼ ਤੇ ਕੇਅਰਗਿਵਰਜ਼ ਹੀ ਇਨ੍ਹਾਂ ਲਾਂਗ ਟਰਮ ਕੇਅਰ ਹੋਮਜ਼ ਵਿੱਚ ਆ ਸਕਣਗੇ। ਇਨ੍ਹਾਂ ਤਬਦੀਲੀਆਂ ਦਾ ਐਲਾਨ ਕਰਦਿਆਂ ਫੋਰਡ ਨੇ ਆਖਿਆ ਕਿ ਹੁਣ ਜਦੋਂ ਨਿਊ ਵੇਵ ਸ਼ੁਰੂ ਹੋ ਚੁੱਕੀ ਹੈ ਤਾਂ ਸਾਡੀ ਸਰਕਾਰ ਸਾਡੇ ਬਜ਼ੁਰਗਾਂ ਦੀ ਹਿਫਾਜ਼ਤ ਲਈ ਸਖ਼ਤ ਪਰ ਲੋੜੀਂਦੇ ਫੈਸਲੇ ਕਰਨੇ ਜਾਰੀ ਰੱਖੇਗੀ।

ਅਸੀਂ ਇਸ ਸਮੇਂ ਸੱਭ ਤੋਂ ਵੱਧ ਖਤਰੇ ਵਾਲੇ ਰੀਜਨਜ਼ ਉੱਤੇ ਨਜ਼ਰ ਰੱਖ ਰਹੇ ਹਾਂ। ਜਿਨ੍ਹਾਂ ਇਲਾਕਿਆਂ ਵਿੱਚ ਸੱਭ ਤੋਂ ਵੱਧ ਕਮਿਊਨਿਟੀ ਸਪਰੈਡ ਹੈ। ਅਸੀਂ ਇਸ ਨੂੰ ਹਲਕੇ ਵਿੱਚ ਨਹੀਂ ਲੈ ਸਕਦੇ। ਅਸੀਂ ਕੋਵਿਡ-19 ਨੂੰ ਇਨ੍ਹਾਂ ਹੋਮਜ਼ ਤੱਕ ਨਹੀਂ ਪਹੁੰਚਣ ਦੇ ਸਕਦੇ। ਫੋਰਡ ਨੇ ਆਖਿਆ ਕਿ ਸਰਕਾਰ ਨੇ ਕੇਅਰਗਿਵਰਜ਼ ਵਜੋਂ ਪਰਿਵਾਰ ਨੂੰ ਇਨ੍ਹਾਂ ਹੋਮਜ਼ ਵਿੱਚ ਦਾਖਲ ਹੋਣ ਦੀ ਖੁੱਲ੍ਹ ਦਿੱਤੀ ਹੈ। ਉਨ੍ਹਾਂ ਲਾਂਗ ਟਰਮ ਕੇਅਰ ਫੈਸਿਲਿਟੀਜ਼ ਵਿੱਚ ਰਹਿਣ ਵਾਲੇ ਰੈਜ਼ੀਡੈਂਟਸ ਦੀ ਮਦਦ ਲਈ ਵੱਧ ਤੋਂ ਵੱਧ ਲੋਕਾਂ ਨੂੰ ਸਾਈਨ ਅੱਪ ਕਰਨ ਦੀ ਵੀ ਅਪੀਲ ਕੀਤੀ।

ਓਨਟਾਰੀਓ ਸਰਕਾਰ ਦਾ ਕਹਿਣਾ ਹੈ ਕਿ ਉਹ ਲਾਂਗ ਟਰਮ ਕੇਅਰ ਹੋਮਜ਼ ਦੇ ਰੈਜ਼ੀਡੈਂਟਸ, ਕੇਅਰਗਿਵਰਜ਼ ਤੇ ਅਮਲੇ ਦੀ ਹਿਫਾਜ਼ਤ ਲਈ 540 ਮਿਲੀਅਨ ਡਾਲਰ ਦੇ ਨੇੜੇ ਤੇੜੇ ਨਿਵੇਸ਼ ਕਰਨਗੇ। ਅਜਿਹਾ ਕੋਵਿਡ-19 ਦੀ ਭਵਿੱਖ ਵਿੱਚ ਪੈਣ ਵਾਲੀ ਮਾਰ ਤੋਂ ਬਚਣ ਲਈ ਕੀਤਾ ਜਾਵੇਗਾ।

# ਕਰਮਚਾਰੀ ਦੇ ਕੋਵਿਡ-19 ਪਾਜ਼ੀਟਿਵ ਆਉਣ ਤੋਂ ਬਾਅਦ ਇਟੈਲੀਅਨ ਰੈਸਟੋਰੈਂਟ ਬੰਦ




ਓਨਟਾਰੀਓ, 29 ਸਤੰਬਰ (ਪੋਸਟ ਬਿਊਰੋ) : ਆਪਣੇ ਕਰਮਚਾਰੀ ਦੇ ਕੋਵਿਡ-19 ਪਾਜ਼ੀਟਿਵ ਆਉਣ ਤੋਂ ਬਾਅਦ ਮਸ਼ਹੂਰ ਇਟੈਲੀਅਨ ਰੈਸਟੋਰੈਂਟਜ਼ ਵਿੱਚੋਂ ਇੱਕ ਨੂੰ ਆਰਜ਼ੀ ਤੌਰ ਉੱਤੇ ਬੰਦ ਕਰ ਦਿੱਤਾ ਗਿਆ ਹੈ।

ਐਡੀਲੇਡ ਸਟਰੀਟ ਵੈਸਟ ਤੇ ਬਾਥਰਸਟ ਸਟਰੀਟ ਨੇੜੇ ਸਥਿਤ ਰੈਸਟੋਰੈਂਟ ਨੇ ਇਨਸਟਾਗ੍ਰਾਮ ਪੋਸਟ ਵਿੱਚ ਦੱਸਿਆ ਕਿ ਉਨ੍ਹਾਂ ਵੱਲੋਂ ਪੂਰੇ ਰੈਸਟੋਰੈਂਟ ਨੂੰ ਚੰਗੀ ਤਰ੍ਹਾਂ ਸੈਨੇਟਾਈਜ਼ ਕੀਤਾ ਜਾ ਰਿਹਾ ਹੈ ਤੇ ਅਗਲੇ ਨੋਟਿਸ ਤੱਕ ਇਸ ਨੂੰ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਪੋਸਟ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਰੈਸਟੋਰੈਂਟ ਦਾ ਸਾਰਾ ਸਟਾਫ ਸੈਲਫ ਆਈਸੋਲੇਸ਼ਨ ਵਿੱਚ ਹੈ ਤੇ ਕੰਮ ਉੱਤੇ ਪਰਤਣ ਤੋਂ ਪਹਿਲਾਂ ਇੰਪਲੌਈਜ਼ ਦਾ ਕੋਵਿਡ-19 ਲਈ ਮੁੜ ਟੈਸਟ ਕਰਵਾਇਆ ਜਾਵੇਗਾ। ਅਗਲੇ ਕੁੱਝ ਦਿਨਾਂ ਲਈ ਸਾਰੀਆਂ ਰਿਜ਼ਰਵੇਸ਼ਨਜ਼ ਨੂੰ ਜਾਂ ਤਾ ਰੀ-ਸ਼ਡਿਊਲ ਕੀਤਾ ਜਾਵੇਗਾ ਤੇ ਜਾਂ ਰੱਦ ਕਰ ਦਿੱਤਾ ਜਾਵੇਗਾ। ਮੰਗਲਵਾਰ ਨੂੰ ਪ੍ਰੋਵਿੰਸ ਵਿੱਚ ਕੋਵਿਡ-19 ਦੇ 700 ਮਾਮਲੇ ਸਾਹਮਣੇ ਆਏ।

# ਓਨਟਾਰੀਓ ਵਿਧਾਨਸਭਾ 'ਤੇ ਚੀਨ ਦਾ ਝੰਡਾ ਫਹਿਰਾਏ ਜਾਣ ਦੀ ਫੋਰਡ ਵੱਲੋਂ ਆਲੋਚਨਾ

ਓਨਟਾਰੀਓ, 29 ਸਤੰਬਰ (ਪੋਸਟ ਬਿਊਰੋ) : ਓਨਟਾਰੀਓ ਦੀ ਵਿਧਾਨਸਭਾ ਉੱਤੇ ਚੀਨ ਦਾ ਝੰਡਾ ਫਹਿਰਾਏ ਜਾਣ ਦੀ ਯੋਜਨਾ ਦੀ ਪ੍ਰੀਮੀਅਰ ਫੋਰਡ ਤੇ ਹੋਰਨਾਂ ਵੱਲੋਂ ਆਲੋਚਨਾ ਕੀਤੀ ਜਾ ਰਹੀ ਹੈ।

ਚੀਨ ਦੇ ਨੈਸ਼ਨਲ ਡੇਅ ਦੇ ਜਸ਼ਨਾਂ ਨੂੰ ਸਾਂਝਾ ਕਰਨ ਲਈ ਇਹ ਝੰਡਾ ਫਹਿਰਾਏ ਜਾਣ ਦੀ ਯੋਜਨਾ ਹੈ। ਪਰ ਪ੍ਰੀਮੀਅਰ ਫੋਰਡ ਦੇ ਬੁਲਾਰੇ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਓਨਟਾਰੀਓ ਦੀ ਲੈਜਿਸਲੇਟਿਵ ਅਸੈਂਬਲੀ ਦੀ ਆਜ਼ਾਦਾਨਾ ਫਲੈਗ ਪਾਲਿਸੀ ਹੈ। ਇਸ ਵਿੱਚ ਸਿਆਸੀ ਪਾਰਟੀਆਂ ਤੇ ਸਰਕਾਰ ਦਾ ਕੋਈ ਲੈਣਾ ਦੇਣਾ ਨਹੀਂ ਹੈ। ਪਰ ਇਹ ਝੰਡਾ ਇਸ ਸਮੇਂ ਫਹਿਰਾਇਆ ਜਾਣਾ ਸਹੀ ਨਹੀਂ ਹੈ। ਫੋਰਡ ਦੇ ਬੁਲਾਰੇ ਨੇ ਸਪਸ਼ਟ ਕੀਤਾ ਕਿ ਇਸ ਰਸਮ ਲਈ ਨਾ ਤਾਂ ਓਨਟਾਰੀਓ ਸਰਕਾਰ ਤੇ ਨਾ ਹੀ ਪੀਸੀ ਕਾਕਸ ਵੱਲੋਂ ਹੀ ਕੋਈ ਨੁਮਾਇੰਦਾ ਭੇਜਿਆ ਜਾਵੇਗਾ।




ਮੁੱਦਾ ਇਹ ਹੈ ਕਿ ਚੀਨ ਸਰਕਾਰ ਵੱਲੋਂ ਦੋ ਬੇਕਸੂਰ ਕੈਨੇਡੀਅਨਾਂ ਨੂੰ ਖਾਹਮਖਾਹ ਜੇਲ੍ਹ ਵਿੱਚ ਬੰਦ ਕਰਕੇ ਰੱਖਿਆ ਗਿਆ ਹੈ ਤੇ ਫੈਡਰਲ ਸਰਕਾਰ ਵੱਲੋਂ ਵੀ ਇਸ ਨੂੰ ਗੈਰਕਾਨੂੰਨੀ ਦੱਸਿਆ ਜਾਂਦਾ ਹੈ। ਓਨਟਾਰੀਓ ਵਿਧਾਨਸਭਾ ਦੇ ਸਾਰਜੈਂਟ ਐਟ ਆਰਮਜ਼ ਨੇ ਦੱਸਿਆ ਕਿ ਇਹ ਝੰਡਾ ਫਹਿਰਾਉਣ ਦੀ ਰਸਮ ਕਨਫੈਡਰੇਸ਼ਨ ਆਫ ਦ ਟੋਰਾਂਟੋ ਚਾਈਨੀਜ/ਕੈਨੇਡੀਅਨ ਆਰਗੇਨਾਈਜ਼ੇਸ਼ਨ ਦੀ ਦਰਖੁਆਸਤ ਉੱਤੇ ਨਿਭਾਈ ਜਾ ਰਹੀ ਹੈ।

# ਨਵੇਂ ਬਿੱਲ ਉੱਤੇ ਭਰੋਸੇ ਦਾ ਵੋਟ ਹਾਸਲ ਕਰਨ ਦੇ ਚਾਹਵਾਨ ਹਨ ਲਿਬਰਲ



ਓਟਵਾ, 29 ਸਤੰਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਨੇ ਕੋਵਿਡ-19 ਬੈਨੇਫਿਟਸ ਦੇ ਆਧਾਰ ਉੱਤੇ ਭਰੋਸੇ ਦਾ ਵੋਟ ਹਾਸਲ ਕਰਨ ਦੀ ਇੱਛਾ ਪ੍ਰਗਟਾਈ ਹੈ। ਸਰਕਾਰ ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਉਹ ਇਸ ਬਿੱਲ ਦੇ ਆਧਾਰ ਉੱਤੇ ਭਰੋਸੇ ਦਾ ਵੋਟ ਹਾਸਲ ਕਰਨਾ ਚਾਹੁੰਦੇ ਹਨ। ਅਜਿਹਾ ਇਸ ਲਈ ਕੀਤਾ ਜਾ ਰਿਹਾ ਹੈ ਤਾਂ ਕਿ ਸਰਕਾਰ ਵੱਲੋਂ ਕੈਨੇਡਾ ਐਮਰਜੰਸੀ ਰਿਸਪਾਂਸ ਬੈਨੇਫਿਟ (ਸੀ ਈ ਆਰ ਬੀ) ਦੀ ਥਾਂ ਨਵੇਂ ਬੈਨੇਫਿਟ ਲਾਗੂ ਕਰਵਾ ਸਕੇ। ਜੇ ਇਹ ਫੇਲ੍ਹ ਹੋ ਜਾਂਦਾ ਹੈ ਤਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਡਿੱਗ ਵੀ ਸਕਦੀ ਹੈ।

ਪਰ ਲਿਬਰਲਾਂ ਵੱਲੋਂ ਲਿਆਂਦੇ ਗਏ ਇਸ ਬਿੱਲ ਨੂੰ ਐਨਡੀਪੀ ਵੱਲੋਂ ਸਮਰਥਨ ਦੇਣ ਦਾ ਵਾਅਦਾ ਕੀਤੇ ਜਾਣ ਤੋਂ ਬਾਅਦ ਸਰਕਾਰ ਡਿੱਗਣ ਦੀ ਸੰਭਾਵਨਾ ਕਾਫੀ ਘੱਟ ਲੱਗਦੀ ਹੈ। ਐਨਡੀਪੀ ਨੇ ਹਮਾਇਤ ਦੇਣ ਲਈ ਕੁੱਝ ਸ਼ਰਤਾਂ ਰੱਖੀਆਂ ਹਨ ਤੇ ਬਹੁਤੀ ਉਮੀਦ ਹੈ ਕਿ ਲਿਬਰਲ ਇਹ ਸ਼ਰਤਾਂ ਮੰਨ ਲੈਣਗੇ ਤਾਂ ਕਿ ਉਨ੍ਹਾਂ ਦੀ ਸਰਕਾਰ ਬਚੀ ਰਹਿ ਸਕੇ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axxel InsuranceBrokers Ltd. | 1332 Khalsa Dr, Unit # 11, Mississauga, ON L5S 0A2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਿਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP / RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99%
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੇ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
- Best INR Rate
- Fastest Service
- 24x7 Service
- Secure Transaction
- Special Business Account
Send - Exchange - Receive
Toll Free: 1833 823 5439 | 647 783 0049

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
- Custom Kitchen Cabinets
- Completly Furnished
- Legal Basement
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL (Government Approved Licensed Technician)
416 938 4598

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CALL: 905-793-2202
You can Place Your Business Here
To Reach Wider Audience


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਕਿਚਨਰ ਤੋਂ ਅਗਵਾ ਕੀਤੀਆਂ ਦੋ ਬੱਚੀਆਂ ਸਹੀ ਸਲਾਮਤ ਮਿਲੀਆਂ, ਮਹਿਲਾ ਗ੍ਰਿਫਤਾਰ




ਕਿਚਨਰ, 29 ਸਤੰਬਰ (ਪੋਸਟ ਬਿਊਰੋ) : ਕਿਚਨਰ ਤੋਂ ਕਥਿਤ ਤੌਰ ਉੱਤੇ ਅਗਵਾ ਕੀਤੀਆਂ ਗਈਆਂ ਦੋ ਬੱਚੀਆਂ ਸਹੀ ਸਲਾਮਤ ਮਿਲ ਗਈਆਂ ਹਨ ਜਦਕਿ ਉਨ੍ਹਾਂ ਨੂੰ ਅਗਵਾ ਕਰਨ ਵਾਲੀ ਮਹਿਲਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਵਾਟਰਲੂ ਰੀਜਨਲ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸੋਮਵਾਰ ਰਾਤ ਨੂੰ ਦੋ ਬੱਚੀਆਂ ਦੇ ਲਾਪਤਾ ਹੋਣ ਦੀ ਰਿਪੋਰਟ ਪੁਲਿਸ ਨੂੰ ਲਿਖਾਈ ਗਈ। ਰਾਤੀਂ 11:30 ਵਜੇ ਇਨ੍ਹਾਂ ਦੇ ਸਬੰਧ ਵਿੱਚ ਜਾਰੀ ਕੀਤਾ ਗਿਆ ਐਂਬਰ ਐਲਰਟ ਕੁੱਝ ਦੇਰ ਬਾਅਦ ਕੈਂਸਲ ਕਰ ਦਿੱਤਾ ਗਿਆ।

ਪੁਲਿਸ ਨੇ ਦੱਸਿਆ ਕਿ ਇਸ ਕਥਿਤ ਅਗਵਾ ਕਾਂਡ ਵਿੱਚ ਦੋ ਵਿਅਕਤੀਆਂ ਉੱਤੇ ਛੁਰੇ ਨਾਲ ਵਾਰ ਕੀਤਾ ਗਏ ਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ। ਇਸ ਛੁਰੇਬਾਜੀ ਦੇ ਸਬੰਧ ਵਿਚ ਵੀ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ।

# ਰੈਪਿਡ ਟੈਸਟ ਕਿੱਟਸ ਲਈ ਫੈਡਰਲ ਸਰਕਾਰ ਖਰਚੇਗੀ 7·9 ਮਿਲੀਅਨ ਡਾਲਰ



ਓਟਵਾ, 29 ਸਤੰਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਇਹ ਐਲਾਨ ਕੀਤਾ ਗਿਅ ਹੈ ਕਿ ਉਨ੍ਹਾਂ ਨੇ ਕਈ ਮਿਲੀਅਨ ਰੈਪਿਡ ਟੈਸਟ ਕਿੱਟਸ ਖਰੀਦਣ ਲਈ ਨਵੀਂ ਡੀਲ ਕੀਤੀ ਹੈ।

ਇਹ ਫੈਸਲਾ ਉਸ ਸਮੇਂ ਲਿਆ ਗਿਆ ਜਦੋਂ ਹੈਲਥ ਕੈਨੇਡਾ ਨੇ ਕਿਸੇ ਵੀ ਰੈਪਿਡ ਟੈਸਟ ਲਈ ਨਵੇਂ ਮਾਪਦੰਡਾਂ ਨੂੰ ਮਨਜੂਰੀ ਦੇ ਦਿੱਤੀ। ਇਸ ਦਾ ਖੁਲਾਸਾ ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਵੱਲੋਂ ਕੀਤਾ ਗਿਆ। ਜਿਸ ਕਿੱਟ ਲਈ ਇਹ ਡੀਲ ਕੀਤੀ ਗਈ ਹੈ ਉਹ ਨੱਕ ਵਿੱਚੋਂ ਸਵੈਬ ਰਾਹੀਂ ਸੈਂਪਲ ਲੈਣ ਵਾਲੀ ਕਿੱਟ ਹੈ, ਜਿਸ ਦਾ ਨਤੀਜਾ 15 ਮਿੰਟ ਵਿੱਚ ਆ ਜਾਂਦਾ ਹੈ। ਇਸ ਸਮੇਂ ਜਿਹੜੀ ਕਿੱਟ ਦੀ ਵਰਤੋਂ ਕੀਤੀ ਜਾਂਦੀ ਹੈ ਉਸ ਦਾ ਨਤੀਜਾ ਆਉਣ ਨੂੰ ਇੱਕ ਤੋਂ ਤਿੰਨ ਦਿਨ ਦਾ ਸਮਾਂ ਲੱਗਦਾ ਹੈ।

ਹਾਲਾਂਕਿ ਇਸ ਕਿੱਟ ਦੀ ਵਰਤੋਂ ਲਈ ਅਜੇ ਮਨਜੂਰੀ ਨਹੀਂ ਮਿਲੀ ਹੈ, ਇਸ ਲਈ ਇਸ ਡਿਵਾਈਸ ਨੂੰ ਮਨਜੂਰੀ ਦੇਣਾ ਹੁਣ ਹੈਲਥ ਕੈਨੇਡਾ ਹੱਥ ਹੈ। ਰੈਪਿਡ ਐਂਟੀਜਨ ਟੈਸਟਸ ਲਈ ਹੈਲਥ ਕੈਨੇਡਾ ਵੱਲੋਂ ਨਵੇਂ ਮਾਪਦੰਡ ਲਿਆਂਦੇ ਗਏ ਹਨ ਤੇ ਇਸ ਦਾ ਕਹਿਣਾ ਹੈ ਕਿ ਜੇ ਇਨ੍ਹਾਂ ਨੂੰ ਮਨਜੂਰੀ ਦਿੱਤੀ ਜਾਣੀ ਹੈ ਤਾਂ ਇਨ੍ਹਾਂ ਦਾ 80 ਫੀ ਸਦੀ ਦਰੁਸਤ ਹੋਣਾ ਵੀ ਜਰੂਰੀ ਹੈ। ਬਹੁਤੇ ਰੈਪਿਡ ਟੈਸਟ ਕਿੱਟਸ ਘੱਟ ਸਹੀ ਹੁੰਦੇ ਹਨ।

# ਕੈਲੇਫੋਰਨੀਆ ਤੇ ਫਲੋਰਿਡਾ ਦੇ ਪਾਰਕਸ ਦੇ 28000 ਵਰਕਰਜ਼ ਦੀ ਛਾਂਟੀ ਕਰੇਗੀ ਡਿਜ਼ਨੀ



ਕੈਲੇਫੋਰਨੀਆ, 29 ਸਤੰਬਰ (ਪੋਸਟ ਬਿਊਰੋ) : ਮਹਾਂਮਾਰੀ ਕਰਕੇ ਥੀਮ ਪਾਰਕਸ ਵਿੱਚ ਘਟੀ ਲੋਕਾਂ ਦੀ ਆਵਾਜਾਈ ਤੇ ਹੋਰਨਾਂ ਪਾਬੰਦੀਆਂ ਕਾਰਨ ਵਾਲਟ ਡਿਜ਼ਨੀ ਕੰਪਨੀ ਨੇ ਆਪਣੀਆਂ ਕੈਲੇਫੋਰਨੀਆ ਤੇ ਫਲੋਰਿਡਾ ਡਵੀਜ਼ਨਜ਼ ਵਿੱਚ 28000 ਵਰਕਰਜ਼ ਦੀ ਛਾਂਟੀ ਕਰਨ ਦਾ ਫੈਸਲਾ ਕੀਤਾ ਹੈ।

ਡਿਜ਼ਨੀ ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਦੋ ਤਿਹਾਈ ਛਾਂਟੀਆਂ ਵਿੱਚ ਪਾਰਟ ਟਾਈਮ ਵਰਕਰਜ਼ ਵੀ ਸ਼ਾਮਲ ਹੋਣਗੇ ਪਰ ਇਨ੍ਹਾਂ ਵਿੱਚ ਤਨਖਾਹਯਾਫਤਾ ਇੰਪਲੌਈਜ਼ ਦੇ ਨਾਲ ਨਾਲ ਗੈਰ ਯੂਨੀਅਨ ਵਾਲੇ ਘੰਟਿਆਂ ਦੇ ਹਿਸਾਬ ਨਾਲ ਕੰਮ ਕਰਨ ਵਾਲੇ ਵਰਕਰਜ਼ ਵੀ ਹੋਣਗੇ। ਪਿਛਲੇ ਸਾਲ ਬਸੰਤ ਵਿੱਚ ਜਦੋਂ ਮਹਾਂਮਾਰੀ ਅਮਰੀਕਾ ਵਿੱਚ ਫੈਲਣੀ ਸ਼ੁਰੂ ਹੋਈ ਸੀ ਤਾਂ ਡਿਜ਼ਨੀ ਵੱਲੋਂ ਪਾਰਕ ਬੰਦ ਕਰ ਦਿੱਤੇ ਗਏ ਸਨ।

ਫਲੋਰਿਡਾ ਵਾਲੇ ਪਾਰਕਸ ਤਾਂ ਥੋੜ੍ਹੀ ਦੇਰ ਬਾਅਦ ਖੋਲ੍ਹ ਦਿੱਤੇ ਗਏ ਸਨ ਪਰ ਕੈਲੇਫੋਰਨੀਆ ਵਾਲੇ ਪਾਰਕਸ ਨੂੰ ਅਜੇ ਖੋਲ੍ਹਿਆ ਨਹੀਂ ਗਿਆ ਹੈ ਤੇ ਇਸ ਲਈ ਸਟੇਟ ਆਫ ਕੈਲੇਫੋਰਨੀਆ ਤੋਂ ਸੇਧ ਦੀ ਉਡੀਕ ਕੀਤੀ ਜਾ ਰਹੀ ਹੈ। ਡਿਜ਼ਨੀਜ਼ ਪਾਰਕਸ, ਐਕਸਪੀਰੀਐਂਸਿਜ਼ ਐਂਡ ਪ੍ਰੋਡਕਟਸ ਡਵੀਜ਼ਨ ਦੇ ਚੇਅਰਮੈਨ ਜੋਸ਼ ਡੀਐਮਾਰੋ ਨੇ ਆਖਿਆ ਕਿ ਪਿਛਲੇ ਕਈ ਮਹੀਨਿਆਂ ਤੋਂ ਸਾਡੀ ਮੈਨੇਜਮੈਂਟ ਟੀਮ ਕੰਪਨੀ ਨਾਲੋਂ ਕਿਸੇ ਨੂੰ ਵੱਖ ਕਰਨ ਤੋਂ ਬਚਣ ਲਈ ਸਖ਼ਤ ਮਿਹਨਤ ਕਰ ਰਹੀ ਹੈ।

# ਕਈ ਪਾਰਟੀਆਂ ਕਰਨ ਵਾਲੇ ਵਿਦਿਆਰਥੀਆਂ ਖਿਲਾਫ ਸਖ਼ਤ ਕਾਰਵਾਈ ਕਰ ਰਹੀ ਹੈ ਵੈਸਟਰਨ ਯੂਨੀਵਰਸਿਟੀ




ਓਨਟਾਰੀਓ, 29 ਸਤੰਬਰ (ਪੋਸਟ ਬਿਊਰੋ) : ਵੀਕੈਂਡ ਉੱਤੇ ਕਈ ਪਾਰਟੀਆਂ ਕੀਤੇ ਜਾਣ ਦੇ ਮਾਮਲੇ ਵਿੱਚ ਵੈਸਟਰਨ ਯੂਨੀਵਰਸਿਟੀ ਨੇ 100 ਵਿਦਿਆਰਥੀਆਂ ਨੂੰ ਰਵਿਊ ਤਹਿਤ ਲਿਆਂਦਾ ਹੈ।

ਹਾਊਸਿੰਗ ਲਈ ਜ਼ਿੰਮੇਵਾਰ ਐਸੋਸਿਏਟ ਵਾਈਸ ਪ੍ਰੈਜ਼ੀਡੈਂਟ ਕ੍ਰਿਸ ਐਲੇਨ ਨੇ ਦੱਸਿਆ ਕਿ ਸ਼ਨਿੱਚਰਵਾਰ ਰਾਤ ਨੂੰ ਲੰਡਨ ਵਿੱਚ ਯੂਨੀਵਰਸਿਟੀ ਰੈਸੀਡੈਂਸਿਜ ਵਿੱਚ ਕੈਂਪਸ ਪੁਲਿਸ ਨੂੰ ਸੱਦਿਆ ਗਿਆ। ਫੇਕ ਹੋਮਕਮਿੰਗ ਦੇ ਨਾਂ ਉੱਤੇ ਇੱਥੇ ਵਿਦਿਆਰਥੀਆਂ ਵੱਲੋਂ ਵੱਡੀਆਂ ਪਾਰਟੀਆਂ ਕੀਤੇ ਜਾਣ ਦੀ ਰਿਪੋਰਟ ਪੁਲਿਸ ਨੂੰ ਲਿਖਾਈ ਗਈ ਸੀ। ਪੁਲਿਸ ਨੇ ਇਸ ਦਾ ਸਖਤ ਨੋਟਿਸ ਲੈਂਦਿਆਂ ਸਬੰਧਤ ਵਿਦਿਆਰਥੀਆਂ ਖਿਲਾਫ ਕਾਰਵਾਈ ਆਰੰਭ ਦਿੱਤੀ।

ਐਲੇਨ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਲੱਗਦਾ ਸੀ ਕਿ ਵਿਦਿਆਰਥੀ ਕੈਂਪਸ ਦੇ ਅੰਦਰ ਤੇ ਬਾਹਰ ਬੜੇ ਜ਼ਿੰਮੇਵਰਾਨਾ ਢੰਗ ਨਾਲ ਵਿਚਰਨਗੇ। ਪਰ ਇੱਥੇ ਰਹਿਣ ਵਾਲੇ ਕੁੱਝ ਵਿਦਿਆਰਥੀਆਂ ਦੇ ਵਿਵਹਾਰ ਤੋਂ ਉਹ ਕਾਫੀ ਨਿਰਾਸ ਹੋਏ ਹਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਸ ਸਮੇਂ ਵੈਸਟਰਨ ਯੂਨੀਵਰਸਿਟੀ ਨੂੰ ਕੋਵਿਡ-19 ਆਊਟਬ੍ਰੇਕ ਨਾਲ ਨਜਿੱਠਣਾ ਪੈ ਰਿਹਾ ਹੈ ਤੇ ਕਈ ਵਿਦਿਆਰਥੀਆਂ ਨੂੰ ਇਹ ਵਾਇਰਸ ਹੋ ਚੁੱਕਿਆ ਹੈ।

# ਭਾਰਤੀ ਪੈਨਸ਼ਨਰਜ਼ ਨੂੰ ਲਾਈਫ ਸਰਟੀਫਿਕੇਟ ਦੇਣ ਲਈ ਨਵੰਬਰ ਵਿੱਚ ਲਾਏ ਜਾਣਗੇ ਕਾਊਸਲਰ ਕੈਂਪਸ



ਟੋਰਾਂਟੋ, 29 ਸਤੰਬਰ (ਪੋਸਟ ਬਿਊਰੋ) : ਹਰ ਸਾਲ ਦੀ ਤਰ੍ਹਾਂ ਇਸ ਵਾਰੀ ਵੀ ਕਾਉਂਸਲੇਟ ਜਨਰਲ ਆਫ ਇੰਡੀਆ, ਟੋਰਾਂਟੋ ਵੱਲੋਂ ਭਾਰਤ ਨਾਲ ਸਬੰਧਤ ਪੈਨਸ਼ਨਰਜ਼ ਨੂੰ ਲਾਈਫ ਸਰਟੀਫਿਕੇਟ ਦੇਣ ਲਈ ਨਵੰਬਰ ਦੇ ਮਹੀਨੇ ਕਾਊਂਸਲਰ ਕੈਂਪਸ ਲਾਏ ਜਾਣਗੇ।

ਕੋਵਿਡ-19 ਮਹਾਂਮਾਰੀ ਕਾਰਨ ਕੈਨੇਡੀਅਨ ਸਰਕਾਰ ਵੱਲੋਂ ਜਾਰੀ ਹਦਾਇਤਾਂ ਜਿਵੇਂ ਕਿ ਸੋਸ਼ਲ ਡਿਸਟੈਂਸਿੰਗ, ਕਿਸੇ ਥਾਂ ਉੱਤੇ ਇੱਕਠੇ ਹੋਣ ਵਾਲੇ ਲੋਕਾਂ ਦੀ ਸੀਮਤ ਤਾਦਾਦ ਆਦਿ ਸਬੰਧੀ ਪਾਬੰਦੀਆਂ ਕਾਰਨ ਇਹ ਤੈਅ ਕੀਤਾ ਗਿਆ ਹੈ ਕਿ ਇਸ ਸਾਲ ਲਾਈਫ ਸਰਟੀਫਿਕੇਟਸ ਪਹਿਲੀ ਅਕਤੂਬਰ 2020 ਤੋਂ 31 ਦਸੰਬਰ, 2020 ਤੱਕ ਦਿੱਤੇ ਜਾਣਗੇ।

ਪੈਨਸ਼ਨਰਜ਼ ਨੂੰ ਕਾਉਂਸਲੇਟ ਵੱਲੋਂ ਇਹ ਲਾਈਫ ਸਰਟੀਫਿਕੇਟ ਡਾਕ ਜਾਂ ਮੇਲ/ਕੋਰੀਅਰ ਰਾਹੀਂ, ਕਾਊਂਸਲੇਟ ਵਿੱਚ ਅਪੁਆਂਇਟਮੈਂਟ ਰਾਹੀਂ, ਵੱਖ ਵੱਖ ਥਾਂਵਾਂ ਉੱਤੇ ਲਾਏ ਜਾਣ ਵਾਲੇ ਕਾਉਂਸਲਰ ਕੈਂਪਸ ਰਾਹੀਂ ਮੁਹੱਈਆ ਕਰਵਾਏ ਜਾਣਗੇ। ਕੋਵਿਡ-19 ਮਹਾਂਮਾਰੀ ਕਾਰਨ ਤੇ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਪੈਨਸ਼ਨਰਜ਼ ਨੂੰ ਡਾਕ ਰਾਹੀਂ ਇਹ ਲਾਈਫ ਸਰਟੀਫਿਕੇਟ ਲੈਣ ਦੀ ਅਪੀਲ ਕੀਤੀ ਜਾਂਦੀ ਹੈ।

ਅਜਿਹੇ ਮਾਮਲਿਆਂ ਵਿੱਚ ਵੈਰੀਫਿਕੇਸ਼ਨ ਵਾਟ੍ਹਸਐਪ ਨੰਬਰ ਉੱਤੇ ਵੀਡੀਓ ਕਾਨਫਰੰਸ ਰਾਹੀਂ ਕੀਤੀ ਜਾਵੇਗੀ, ਇਹ ਨੰਬਰ ਬਿਨੈਕਾਰ ਵੱਲੋਂ ਆਪਣੀ ਅਰਜ਼ੀ ਦੇ ਨਾਲ ਮੁਹੱਈਆ ਕਰਵਾਇਆ ਜਾਵੇਗਾ। ਕਿਸੇ ਵੀ ਤਰ੍ਹਾਂ ਦੀ ਅਰਜੈਂਸੀ ਿ ਵ ੱ ਚ reception.toronto@mea.gov.in. ਉੱਤੇ ਈਮੇਲ ਭੇਜਕੇ ਕਾਊਸਲੇਟ ਵਿੱਚ ਅਪੁਆਂਇਟਮੈਂਟ ਵੀ ਫਿਕਸ ਕੀਤੀ ਜਾ ਸਕਦੀ ਹੈ।

ਅਕਤੂਬਰ ਤੋਂ ਦਸੰਬਰ 2020 ਤੱਕ ਲਾਏ ਜਾਣ ਵਾਲੇ ਕਾਊਸਲਰ ਕੈਂਪਸ ਦਾ ਵੇਰਵਾ ਕਾਊਸਲੇਟ ਦੀ ਵੈੱਬਸਾਈਟ ਉੱਤੇ ਸਮੇਂ ਸਮੇਂ ਪਾਇਆ ਜਾਵੇਗਾ ਤੇ ਇਸ ਦੀ ਜਾਣਕਾਰੀ ਸੋਸ਼ਲ ਮੀਡੀਆ ਪਲੇਟਫਾਰਮਜ਼ ਰਾਹੀਂ ਵੀ ਦਿੱਤੀ ਜਾਵੇਗੀ। ਪੋਸਟ ਐਪਲੀਕੇਸ਼ਨਜ਼ ਲਈ ਹੇਠ ਲਿਖੇ ਦਸਤਾਵੇਜ਼ ਜਮ੍ਹਾਂ ਕਰਵਾਉਣੇ ਹੋਣਗੇ :

- ਚੰਗੀ ਤਰ੍ਹਾਂ ਭਰਿਆ ਤੇ ਸਾਈਨ ਕੀਤਾ ਗਿਆ ਐਪਲੀਕੇਸ਼ਨ ਫਾਰਮ-ਜਿਸ ਦੀ ਡੁਪਲੀਕੇਟ ਕਾਪੀ ਜਮ੍ਹਾਂ ਕਰਵਾਉਣੀ ਹੋਵੇਗੀ
- ਭਾਰਤੀ/ਕੈਨੇਡੀਅਨ ਪਾਸਪੋਰਟ ਦੀ ਵੈਲਿਡ ਕਾਪੀ
- ਕੈਨੇਡੀਅਨ ਸਰਕਾਰ ਵੱਲੋਂ ਜਾਰੀ ਕੀਤੇ ਗਏ ਦਸਤਾਵੇਜ਼ ਜਿਵੇਂ ਕਿ ਐਡਰੈੱਸ ਪਰੂਫ, ਡਰਾਈਵਿੰਗ ਲਾਇਸੈਂਸ ਜਾਂ ਯੂਟੀਲਿਟੀ ਬਿੱਲ ਆਦਿ, ਜਿਸ ਵਿੱਚ ਬਿਨੈਕਾਰ ਦੇ ਰਿਹਾਇਸ਼ੀ ਪਤੇ ਨੂੰ ਦਰਸ-ਾਇਆ ਗਿਆ ਹੋਵੇ।
- ਕਾਉਂਸਲੇਟ ਵੱਲੋਂ ਸਰਵਿਸਡ ਡਾਕਿਊਮੈਂਟ ਮੋੜਨ ਲਈ ਆਪਣਾ ਪਤਾ ਲਿਖਿਆ ਪ੍ਰੀਪੇਡ ਐਨਵੈਲਪ
- ਫੀਸ : ਮੁਫਤ

# ਖੇਤੀ ਕਾਨੂੰਨਾਂ ਦੇ ਮੁੱਦੇ ਤੋਂ ਪ੍ਰਧਾਨ ਮੰਤਰੀ ਦਾ ਮੋੜਵਾਂ ਤਿੱਖਾ ਹਮਲਾ ਸ਼ੁਰੂ

## * ਵਿਰੋਧੀ ਧਿਰ ਨਾ ਕਿਸਾਨਾਂ ਦੀ ਹੈ ਤੇ ਨਾ ਜਵਾਨਾਂ ਦੀ : ਮੋਦੀ



ਨਵੀਂ ਦਿੱਲੀ, 29 ਸਤੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀਬਾੜੀ ਸੁਧਾਰ ਕਾਨੂੰਨਾਂ ਦਾ ਵਿਰੋਧ ਕਰਦੀ ਵਿਰੋਧੀ ਧਿਰ ਉੱਤੇ ਪ੍ਰਧਾਨ ਮੰਤਰੀ ਨੇ ਅੱਜ ਤਕ ਦਾ ਸਭ ਤੋਂ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਉਹ ਸਿਰਫ਼ ਵਿਰੋਧ ਦੀ ਸਿਆਸਤ ਕਰਨੀ ਜਾਣਦੇ ਹਨ ਤੇ ਖੇਤੀ ਸੁਧਾਰਾਂ ਦੇ ਵਿਰੋਧ ਕਰਨ ਨਾਲ ਕਿਸਾਨਾਂ ਨੂੰ ਹਮੇਸ਼ਾਂ ਗ਼ੁਲਾਮ ਰੱਖਣਾ ਚਾਹੁੰਦੇ ਅਤੇ ਕਿਸਾਨੀ ਜੰਤਰਾਂ (ਟ੍ਰੈਕਟਰਾਂ) ਨੂੰ ਅੱਗ ਲਾ ਕੇ ਉਹ ਕਿਸਾਨਾਂ ਨੂੰ ਅਪਮਾਨਿਤ ਕਰ ਰਹੇ ਹਨ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਵਿਰੋਧੀ ਧਿਰ ਦੇ ਆਗੂ ਇਸ ਤੋਂ ਪਹਿਲਾਂ ਰਾਮ ਮੰਦਰ, ਭੂਮੀ ਪੂਜਨ ਅਤੇ ਇੱਥੋਂ ਤਕ ਕਿ ਸਰਦਾਰ ਵਲੱਭ ਭਾਈ ਪਟੇਲ ਦੀ ਮੂਰਤੀ ਦਾ ਵੀ ਵਿਰੋਧ ਕਰਦੇ ਰਹੇ ਸਨ। ਸਰਕਾਰ ਦੇ ਸਿਹਤ, ਕਿਰਤ ਤੇ ਖੇਤੀ ਸੁਧਾਰ ਪ੍ਰੋਗਰਾਮ ਜਾਰੀ ਰੱਖਣ ਦੀ ਵਚਨਬੱਧਤਾ ਪ੍ਰਗਟ ਕਰਦਿਆਂ ਮੋਦੀ ਨੇ ਕਿਹਾ ਕਿ ਨਵੇਂ ਕਾਨੂੰਨ ਨਾਲ ਇਨ੍ਹਾਂ ਦੀ ਕਾਲੀ ਕਮਾਈ ਦਾ ਰਾਹ ਬੰਦ ਹੋ ਗਿਆ ਹੈ ਤਾਂ ਇਨ੍ਹਾਂ ਨੂੰ ਪਰੇਸ਼ਾਨੀ ਹੋਈ ਹੈ। ਉਨ੍ਹਾ ਕਿਹਾ ਕਿ ਕਾਂ-ਗਰਸ ਅਤੇ ਹੋਰ ਵਿਰੋਧੀ ਧਿਰਾਂਵੱਲੋਂ ਨਾ ਸਿਰਫ਼ ਵਿਰੋਧ ਜਾਰੀ ਹੈ, ਸਗੋਂਸੋਨੀਆ ਗਾਂਧੀ ਨੇ ਕਾਂਗਰਸ ਸਰਕਾਰਾਂ ਵਾਲੇ ਰਾਜਾਂ ਨੂੰ ਕੇਂਦਰੀ ਕਾਨੂੰਨ ਰੱਦ ਕਰਨ ਦਾ ਰਾਹ ਲੱਭਣ ਨੂੰਕਹਿ ਦਿੱਤਾ, ਜਦਕਿ ਕੇਂਦਰ ਸਰਕਾਰ ਵਾਰ-ਵਾਰ ਭਰੋਸਾ ਦੇ ਰਹੀ ਹੈ ਕਿ ਕਿਸਾਨੀ ਫਸਲਾਂ ਦੀ ਘੱਟੋ-ਘੱਟ ਖਰੀਦ ਕੀਮਤ (ਐੱਮ ਐੱਸਪੀ) ਖ਼ਤਮ ਨਹੀਂ ਹੋਵੇਗੀ, ਪਰ ਵਿਰੋਧੀ ਧਿਰ ਇਹ ਗੱਲ ਸੁਣ ਹੀ ਨਹੀਂ ਰਹੀ।

ਅੱਜ ਮੰਗਲਵਾਰ ਜਲ ਜੀਵਨ ਮਿਸ਼ਨ ਬਾਰੇ ਵਰਚੁਅਲ ਪ੍ਰੋਗਰਾਮ ਵਿਚ ਬੋਲਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਆਗੂ ਨਾ ਜਵਾਨਾਂ ਦੇ ਹਨ ਅਤੇ ਨਾ ਕਿਸਾਨਾਂ ਦੇ। ਉਨ੍ਹਾ ਕਿਹਾ ਕਿ ਚਾਰ ਸਾਲ ਪਹਿਲਾਂ ਅੱਤਵਾਦ ਦੇ ਅੱਡੇ ਤਬਾਹ ਕਰਨ ਲਈ ਸਾਡੇ ਫੌਜੀ ਜਵਾਨਾਂ ਨੇ ਜਦੋਂ ਸਰਜੀਕਲ ਸਟ੍ਰਾਈਕ ਕੀਤੀ ਤਾਂ ਓਦੋਂ ਵੀ ਇਹ ਲੋਕ ਸਬੂਤ ਮੰਗਦੇ ਸਨ। ਉਨ੍ਹਾ ਕਿਹਾ ਕਿ ਵਿਰੋਧ ਕਰਨਾ ਇਨ੍ਹਾਂ ਦੀ ਆਦਤ ਹੈ, ਗ਼ਰੀਬਾਂ ਲਈ ਬੈਂਕ ਵਿਚ ਜਨ ਧਨ ਖਾਤੇ ਖੁੱਲ੍ਹੇ ਤਾਂ ਓਦੋਂ ਵੀ ਇਹ ਵਿਰੋਧ ਕਰਦੇ ਸਨ, ਗ਼ਰੀਬਾਂ ਲਈ 10 ਫ਼ੀਸਦੀ ਰਾਖਵੇਂਕਰਨ ਦਾ ਵਿਰੋਧ ਵੀ ਇਨ੍ਹਾਂ ਨੇ ਕੀਤਾ ਸੀ ਅਤੇ 26 ਨਵੰਬਰ ਨੂੰ ਸੰਵਿਧਾਨ ਦਿਵਸ ਮਨਾਉਣਾ ਵੀ ਇਨ੍ਹਾਂ ਨੂੰ ਨਾਗਵਾਰ ਗੁਜ਼ਰਿਆ ਸੀ।

ਪ੍ਰਧਾਨ ਮੰਤਰੀ ਮੋਦੀ ਨੇ ਆਖਿਆ ਕਿ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਉੱਤੇ ਐੱਨ ਡੀ ਏ ਗੱਠਜੋੜ ਦੀ ਸਰਕਾਰ ਨੇ ਐੱਮ ਐੱਸ ਪੀ ਨੂੰ ਡੇਢ ਗੁਣਾ ਲਾਗੂ ਕੀਤਾ ਤਾਂ ਇਹ ਲੋਕ ਕਿਸਾਨਾਂ ਵਿਚ ਭਰਮ ਪੈਦਾ ਕਰਨ ਲੱਗੇ ਹੋਏ ਹਨ, ਜਦਕਿ ਐੱਮ ਐੱਸ ਪੀ ਉੱਤੇ ਹੋਣ ਵਾਲੀ ਖ਼ਰੀਦ ਨਾਲ ਕਿਸਾਨਾਂ ਨੂੰ ਮੰਡੀ ਤੇ ਉਸ ਤੋਂ ਬਾਹਰ ਕਿਸੇ ਵੀ ਥਾਂ ਉਪਜ ਵੇਚਣ ਦੀ ਖੁੱਲ੍ਹ ਰਹੇਗੀ। ਉਨ੍ਹਾਂ ਕਿਹਾ ਕਿ ਇਹ ਲੋਕ ਕਿਸਾਨਾਂ ਦੇ ਜੰਤਰ (ਟ੍ਰੈਕਟਰ) ਸਾੜ ਕੇ ਉਨ੍ਹਾਂ ਨੂੰ ਅਪਮਾਨਿਤ ਕਰ ਰਹੇ ਹਨ। ਵਰਨਣ ਯੋਗ ਹੈ ਕਿ ਕਾਂਗਰਸ ਵੱਲੋਂ ਹਰ ਸੂਬੇ ਵਿਚ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਚੱਲ ਰਿਹਾ ਹੈ ਤੇ ਇਕ ਦਿਨ ਪਹਿਲਾਂ ਦਿੱਲੀ ਵਿਚ ਯੂਥ ਕਾਂਗਰਸ ਵਾਲਿਆਂ ਨੇ ਟ੍ਰੈਕਟਰ ਨੂੰ ਅੱਗ ਲਾਈ ਸੀ।

# ਪੰਜਾਬ ਦੀ ਕਾਂਗਰਸ ਦਾ ਕੇਂਦਰੀ ਇੰਚਾਰਜ ਨਵਜੋਤ ਸਿੱਧੂ ਦੇ ਪੱਖ ਵਿੱਚ ਬੋਲਿਆ

## * ਸਿੱਧੂ ਕਾਂਗਰਸ ਦਾ ਭਵਿੱਖ, ਕੈਪਟਨ ਆਪਣਾ ਫ਼ੈਸਲਾ ਖੁਦ ਲੈਣਗੇ :

ਚੰਡੀਗੜ੍ਹ, 29 ਸਤੰਬਰ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਪੰਜਾਬ ਲਈ ਕੇਂਦਰੀ ਇੰਚਾਰਜ ਹਰੀਸ਼ ਰਾਵਤ ਵੱਲੋਂ ਸੰਕੇਤ ਮਿਲੇ ਹਨ ਕਿ ਨਵਜੋਤ ਸਿੰਘ ਸਿੱਧੂ ਦਾ ਬਨਵਾਸ ਜਲਦੀ ਮੁੱਕ ਸਕਦਾ ਹੈ। ਪੰਜਾਬ ਕਾਂਗਰਸ ਦੇ ਨਵੇਂ ਇੰਚਾਰਜ ਤੇ ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਨੇ ਨਵਜੋਤ ਸਿੱਧੂ ਨੂੰ ਪਾਰਟੀ ਦਾ ਭਵਿੱਖ ਦੱਸ ਕੇ ਕਿਹਾ ਕਿ ਰਾਹੁਲ ਗਾਂਧੀ ਤੇ ਪ੍ਰਿਅੰਕਾ ਗਾਂਧੀ ਨਾਲ ਮਿਲ ਕੇ ਨਵਜੋਤ ਸਿੰਘ ਸਿੱਧੂ ਇਸ ਦੇਸ਼ ਵਿਚ ਜਮਹੂਰੀ ਤਾਕਤਾਂ ਨੂੰ ਇਕੱਠੇ ਕਰਨ। ਉਨ੍ਹਾ ਕਿਹਾ ਕਿ ਸਿੱਧੂ ਨਾ ਸਿਰਫ਼ ਪਾਰਟੀ ਲਈ ਸਰਗਰਮ ਹੋਣਗੇ, ਸਗੋਂ ਲੀਡ ਵੀ ਕਰਨਗੇ।

ਹਰੀਸ਼ ਰਾਵਤ ਅੱਜ ਏਥੇ ਕਾਂਗਰਸ ਵਿਧਾਇਕਾਂ ਨਾਲ ਮੁਲਾਕਾਤ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਦਾ ਨਵਜੋਤ ਸਿੰਘ ਸਿੱਧੂ ਬਾਰੇ ਇਹ ਬਿਆਨ ਪੰਜਾਬ ਕਾਂਗਰਸ ਵਿਚ ਕਿਸੇ ਬਦਲਾਅ ਦਾ ਸੰਕੇਤ ਕਰਦਾ ਹੈ। ਉਨ੍ਹਾ ਇਹ ਵੀ ਕਹਿ ਦਿੱਤਾ ਕਿ ਉਹ ਲਗਾਤਾਰ ਸਿੱਧੂ ਦੇ ਸੰਪਰਕ ਵਿਚ ਹਨ।

jobs! jobs! jobs! jobs! jobs!

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
DUNDAS·JAFINE

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca





## ਅੱਜ ਨਾਮਾ

ਟੀ ਵੀ ਚੈਨਲ ਤੋਂ ਆਖਦੀ ਸੁਣੀਐਂ ਕਰ,
ਕਹਿੰਦੀ ਚੀਨ ਵੱਲ ਚੌਕਸੀ ਬੜੀ ਭਾਈ।
ਜਿਹੜੀ ਉਨ੍ਹਾਂ ਨੇ ਓਧਰ ਪਈ ਫੌਜ ਲਾਈ,
ਉਸ ਤੋਂ ਬਹੁਤ ਹੈ ਸਾਡੀ ਵੀ ਖੜੀ ਭਾਈ।
ਨਾਲੇ ਪਾਕਿ ਵੱਲ ਬੀੜੇ ਹਨ ਟੈਂਕ-ਤੋਪਾਂ,
ਆਏ ਵਕਤ ਤੋਂ ਲਾਉਣਗੇ ਝੜੀ ਭਾਈ।
ਜਿੱਡੀ ਤਕੜੀ ਤਿਆਰੀ ਵਿੱਚ ਫੌਜ ਸਾਡੀ,
ਓਡੀ ਤਿਆਰੀ ਨਾ ਕਿਸੇ ਦੀ ਕੜੀ ਭਾਈ।
ਜਦੋਂ ਬਾਰਡਰ ਦੀ ਚਰਚਾ ਤੋਂ ਹੋਏ ਵਿਹਲੀ,
ਦੀਪਿਕਾ, ਰੀਆ ਦੀ ਛੋਹੇ ਫਿਰ ਗੱਲ ਭਾਈ।
ਜਿਹੜੇ ਦੁੱਖਾਂ ਵਿੱਚ ਫਸੀ ਆ ਆਮ ਜਨਤਾ,
ਆਉਂਦੀ ਕਦੀ ਨਹੀਂ ਇਨ੍ਹਾਂ ਦੇ ਵੱਲ ਭਾਈ।

ਤੀਸ ਮਾਰ ਖਾਂ

# ਕਿਸਾਨ ਆਗੂਆਂ ਨਾਲ ਮੀਟਿੰਗ ਪਿੱਛੋਂ ਕੈਪਟਨ ਵੱਲੋਂ ਵਿਧਾਨ ਸਭਾ ਸੈਸ਼ਨ ਸੱਦਣ ਦਾ ਸੰਕੇਤ

ਚੰਡੀਗੜ੍ਹ, 29 ਸਤੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਵਿਵਾਦ ਵਾਲੇ ਖੇਤੀ ਬਿੱਲਾਂ ਬਾਰੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਪੰਜਾਬ ਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਬੈਠਕ ਪਿੱਛੋਂ ਸੰਕੇਤ ਦਿੱਤਾ ਕਿ ਇਸ ਮੁੱਦੇ ਉੱਤੇ ਵਿਚਾਰ ਲਈ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਿਆ ਜਾ ਸਕਦਾ ਹੈ।

ਅੱਜ ਦੀ ਇਸ ਮੀਟਿੰਗ ਪਿੱਛੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਰੋਜ਼ੀ-ਰੋਟੀ ਅਤੇ ਜ਼ਮੀਨ ਬਚਾਉਣ ਅਤੇ ਸਮੁੱਚੇ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਅਖੀਰ ਤੱਕ ਲੜੇਗੀ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੇ ਕਿਸਾਨ ਵਿਰੋਧੀ ਕਾਨੂੰਨਾਂ ਦਾ ਰਾਹ ਰੋਕਣ ਲਈ ਸਾਰੇ ਕਾਨੂੰਨੀ ਢੰਗਾਂ ਬਾਰੇਵਿਚਾਰ ਕੀਤੀ ਜਾ ਰਹੀ ਹੈ ਅਤੇ ਲੱਗਦੀ ਵਾਹ ਕਿਸਾਨਾਂ ਨੂੰ ਹੋਰ ਪ੍ਰਭਾਵਿਤ ਨਹੀਂ ਹੋਣ ਦਿੱਤਾ ਜਾਏਗਾ।

ਇਸ ਦੌਰਾਨ ਕਿਸਾਨ ਆਗੂ ਰੁਲਦੂ ਸਿੰਘ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਇਸ ਮਸਲੇ ਉੱਤੇ ਵਿਚਾਰ ਕਰਨ ਲਈ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਿਆ ਜਾਵੇਗਾ। ਰੁਲਦੂ ਸਿੰਘ ਨੇ ਕਿਹਾ ਕਿ ਮੋਦੀ ਸਰਕਾਰ ਨੇ ਕਿਸਾਨ ਵਿਰੋਧੀ ਕਦਮ ਚੁੱਕਿਆ ਹੈ, ਇਸ ਲਈ ਭਾਰਤੀ ਜਨਤਾ ਪਾਰਟੀ ਨੂੰ ਅਸੀਂ ਪੰਜਾਬ ਤੋਂ ਬਾਹਰ ਕੱਢ ਦਿਆਂਗੇ। ਉਨ੍ਹਾਂ ਕਿਹਾ ਕਿ ਅਸੀਂ ਧਰਮ ਅਤੇ ਜਾਤ ਦੀ ਲੜਾਈ ਨਹੀਂ ਲੜ ਰਹੇ ਅਤੇਅਸੀਂ ਖਾਲਿਸਤਾਨ ਦੀ ਮੰਗ ਨਾਲ ਵੀ ਸਹਿਮਤ ਨਹੀਂ, ਅਸੀਂ ਕਿਸਾਨਾਂ ਲਈ ਜੰਗ ਲੜ ਰਹੇ ਹਾਂ। ਮੁੱਖ ਮੰਤਰੀ ਨਾਲ ਮੀਟਿੰਗ ਦੇ ਬਾਅਦ ਹੋਰ ਕਿਸਾਨ ਲੀਡਰਾਂ ਨੇ ਕਿਹਾ ਕਿ ਕੇਂਦਰ ਦੇ ਖੇਤੀ ਕਾਨੂੰਨਅਸੀਂਪੰਜਾਬ



ਵਿੱਚ ਲਾਗੂ ਨਹੀਂ ਹੋਣ ਦਿਆਂਗੇ। ਉਨ੍ਹਾਂ ਕਿਹਾ ਕਿ ਅਸੀਂ ਮੁੱਖ ਮੰਤਰੀ ਨੂੰ ਮਜਬੂਰ ਕੀਤਾ ਹੈ ਕਿ ਉਹ ਵਿਧਾਨ ਸਭਾ ਦਾ ਸੈਸ਼ਨ ਸੱਦਣ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਪੰਜਾਬ ਦਾ ਵਪਾਰ ਪਾਕਿਸਤਾਨ ਨਾਲ ਠੀਕ ਹੋਵੇ, ਜਿਸ ਦੇ ਕਿਸਾਨਾਂ ਨੂੰ ਕਈ ਲਾਭ ਹੋ ਸਕਦੇ ਹਨ। ਕਿਸਾਨ ਲੀਡਰਾਂ ਨੇ ਵੱਖ-ਵੱਖ ਸਿਆਸੀ ਪਾਰਟੀਆਂਬਾਰੇ ਕਿਹਾ ਕਿ ਕਿਸਾਨਾਂ ਦੇ ਪ੍ਰਦਰਸ਼ਨ ਨੇ ਸਭ ਪਾਰਟੀਆਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਹਿੰਦੀ ਹੈ ਕਿ ਕੁਝ ਕਾਨੂੰਨੀ ਅੜਚਣਾਂ ਹਨ, ਪਰ ਪੰਜਾਬ ਸਰਕਾਰ ਮਤਾ ਪਾ ਕੇ ਆਪਣਾ ਫਰਜ਼ ਤਾਂ ਪੂਰਾ ਕਰੇ, ਗਵਰਨਰ ਦਸਖਤ ਕਰਦਾ ਹੈ ਜਾਂ ਨਹੀਂ, ਉਹ ਅਸੀਂ ਦੇਖਾਂਗੇ। ਕਿਸਾਨ ਆਗੂਆਂ ਨੇ ਕਿਹਾ ਕਿ ਇਹ ਲੜਾਈ ਪੰਜਾਬ ਦੀਆਂ ਹੱਦਾਂ ਤਕ ਸੀਮਤ ਨਹੀਂ ਰਹੇਗੀ, ਸਗੋਂ ਇਹ ਸਾਰੇ ਦੇਸ਼ ਵਿੱਚ ਫੈਲੇਗੀ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਪੱਕਾ ਭਰੋਸਾ ਦਿੱਤਾ ਹੈ ਕਿ ਇੱਕ ਹਫਤੇ ਅੰਦਰ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਣਗੇ। ਉਂਜ ਸਰਕਾਰ ਨੇ ਕਿਸਾਨਾਂ ਨੂੰਮੀਟਿੰਗ ਵਿੱਚ ਕਿਹਾ ਕਿ ਵਿਧਾਨ ਸਭਾ ਦੇ ਇਹੋ ਜਿਹੇ ਮਤੇ ਉੱਤੇ ਗਵਰਨਰ ਦਸਖਤ ਨਹੀਂ ਕਰਨਗੇ। ਇਸ ਦੇ ਬਾਅਦ ਕਿਸਾਨ ਜਥੇਬੰਦੀਆਂ ਨੇ ਜ਼ਿੰਮੇਵਾਰੀ ਲਈ ਕਿ ਜੇ ਗਵਰਨਰ ਦਸਖਤ ਨਹੀਂ ਕਰਨਗੇ ਤਾਂ ਉਸ ਸੂਰਤ ਵਿੱਚ ਗਵਰਨਰ ਦਾ ਵੀ ਘਿਰਾਉ ਕੀਤਾ ਜਾਵੇਗਾ।

# ਹਾਥਰਸ ਦਾ ਨਿਰਭੈਆ ਕਾਂਡ: ਗੈਂਗਰੇਪ ਪੀੜਤਾ ਦੀ ਮ੍ਰਿਤਕ ਦੇਹ ਦਾ ਅੰਤਮ ਸੰਸਕਾਰ ਰਾਤੋ-ਰਾਤ ਧੱਕੇ ਨਾਲ ਕਰਵਾਇਆ ਗਿਆ

*** ਦਿੱਲੀ ਵਿੱਚ ਧਰਨੇ ਉੱਤੇ ਬੈਠੇ ਪਰਿਵਾਰ ਨੂੰ ਪੁਲਸ ਚੁੱਕ ਕੇ ਲੈ ਗਈ**




ਹਾਥਰਸ, ਉੱਤਰ ਪ੍ਰਦੇਸ਼, 29 ਸਤੰਬਰ, (ਪੋਸਟ ਬਿਊਰੋ)- ਹਾਥਰਸ ਦੇ ਬਹੁ-ਚਰਚਿਤ ਗੈਂਗਰੇਪ ਕੇਸ ਵਿੱਚ ਪੀੜਤਾ ਦੀ ਮੌਤ ਮਗਰੋਂ ਮ੍ਰਿਤਕ ਦੇਹ ਉੱਤਰ ਪ੍ਰਦੇਸ਼ ਸਰਕਾਰ ਦੇ ਅਧਿਕਾਰੀ ਧੱਕੇ ਨਾਲ ਲੈ ਕੇ ਦੇਰ ਰਾਤ ਪਿੰਡ ਪਹੁੰਚੇ ਅਤੇ ਪਿੰਡ ਦੇ ਲੋਕ ਭਾਵੇਂ ਰਾਤ ਨੂੰ ਅੰਤਮ ਸੰਸਕਾਰ ਕਰਨ ਲਈ ਰਾਜੀ ਨਹੀਂ ਸਨ, ਫਿਰ ਵੀ ਰਾਤੋ ਰਾਤ ਕਰਵਾ ਦਿੱਤਾ ਗਿਆ। ਲੋਕਾਂ ਦੇ ਗੁੱਸੇ ਨੂੰ ਦੇਖਦੇ ਹੋਏ ਇਸ ਖੇਤਰ ਵਿੱਚ ਭਾਰੀ ਗਿਣਤੀ ਵਿੱਚ ਪੁਲਸ ਫੋਰਸ ਦੀ ਨਿਯੁਕਤੀ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਬੀਤੀ 14 ਸਤੰਬਰ ਦੀ ਸਵੇਰ ਨੂੰ ਉੱਤਰ ਪ੍ਰਦੇਸ਼ ਦੇ ਹਾਥਰਸ ਜ਼ਿਲੇ ਦੇ ਚੰਦਪਾ ਥਾਣਾ ਖੇਤਰ ਵਿੱਚ ਬੂਲਗੜ੍ਹੀ ਪਿੰਡ ਦੀ ਕੁੜੀ ਆਪਣੀ ਮਾਂ ਨਾਲ ਖੇਤਾਂ ਵਿੱਚ ਚਾਰਾ ਕੱਟ ਰਹੀ ਸੀ। ਜਦੋਂ ਉਹ ਚਾਰਾ ਕੱਟਦੇ ਹੋਏ ਆਪਣੀ ਮਾਂ ਤੋਂ ਕੁਝ ਫਾਸਲਾ ਪਾ ਬੈਠੀ ਤਾਂ ਓਸੇ ਪਿੰਡ ਦੇ ਚਾਰ ਜਣੇ ਉਸ ਨੂੰ ਖਿੱਚ ਕੇ ਬਾਜਰੇ ਦੇ ਖੇਤ ਵਿੱਚ ਲੈ ਗਏ ਤੇ ਉਸ ਨਾਲ ਸਮੂਹਕ ਬਲਾਤਕਾਰ ਕੀਤਾ। ਜਦੋਂ ਲੜਕੀ ਨੇ ਵਿਰੋਧ ਕੀਤਾ ਤਾਂ ਉਸ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ ਤੇ ਫਿਰ ਉਸ ਨੂੰ ਮਰਿਆ ਸਮਝ ਕੇ ਫਰਾਰ ਹੋ ਗਏ ਸਨ। ਲੜਕੀ ਮਾਂ ਲੱਭਦੀ ਹੋਈ ਓਥੇ ਪਹੁੰਚੀ ਤਾਂ ਲੜਕੀ ਦੀ ਹਾਲਤ ਵੇਖ ਕੇ ਪਿੰਡ ਵਾਲੇ ਲੋਕਾਂ ਦੀ ਮਦਦ ਨਾਲ ਉਸ ਨੂੰ ਅਲੀਗੜ੍ਹ ਦੇ ਜੇ ਐੱਨ ਮੈਡੀਕਲ ਕਾਲਜ ਦਾਖਲ ਕਰਵ-ਾਇਆ ਅਤੇ ਇਸ ਪੁਲਸ ਨੂੰ ਸੂਚਨਾ ਦਿੱਤੀ ਗਈ। ਉਸ ਪਿੱਛੋਂ ਕਰੀਬ ਪੰਦਰਾਂ ਦਿਨ ਲੜਕੀ ਜ਼ਿੰਦਗੀ-ਮੌਤ ਦੀ ਜੰਗ ਲੜਨ ਮਗਰੋਂ ਅੱਜ ਮੰਗਲਵਾਰ ਦਿੱਲੀ ਦੇ ਸਫਦਰਜੰਗ ਵਿੱਚ ਮੌਤ ਮੂਹਰੇ ਹਾਰ ਗਈ। ਰਿਪੋਰਟਾਂ ਹਨ ਕਿ ਦੋਸ਼ੀਆਂ ਨੇ ਪੀੜਤ ਲੜਕੀ ਦੀ ਜ਼ਬਾਨ ਵੀ ਕੱਟ ਦਿੱਤੀ ਸੀ ਤੇ ਉਸ ਦੀ ਰੀੜ੍ਹ ਦੀ ਹੱਡੀ ਉੱਤੇ ਵੀ ਸੱਟ ਸੀ, ਜਿਸ ਕਾਰਨ ਉੱਠ ਨਹੀਂ ਸੀ ਸਕਦੀ, ਪਰ ਪੁਲਸ ਦਾ ਕਹਿਣਾ ਹੈ ਕਿ ਉਸ ਦੀ ਜ਼ਬਾਨ ਕੱਟੇ ਜਾਣ ਦੀ ਗੱਲ ਠੀਕ ਨਹੀਂ, ਅਸਲ ਵਿੱਚ ਉਸ ਦੀ ਜ਼ਬਾਨ ਦੰਦਾਂ ਹੇਠ ਆ ਕੇ ਟੁੱਕੀ ਗਈ।


ਅੱਜ ਉਸ ਦੀ ਮੌਤ ਦੇ ਬਾਅਦ ਉੱਤਰ ਪ੍ਰਦੇਸ਼ ਦੀ ਪੁਲਸ ਤੇ ਸਾਰਾ ਪ੍ਰਸ਼ਾਸਨ ਇਸ ਕੋਸ਼ਿਸ਼ ਵਿੱਚ ਲੱਗ ਗਿਆ ਕਿ ਮ੍ਰਿਤਕਾ ਦਾ ਅੰਤਮ ਸੰਸਕਾਰ ਰਾਤੋ ਰਾਤ ਕੀਤਾ ਜਾਵੇ, ਪਰਪਰਿਵਾਰ ਨੇ ਜਲਦਬਾਜ਼ੀ ਵਿੱਚ ਸੰਸਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਨਿਆਂ ਚਾਹੁੰਦੇ ਹਨ। ਇਸ ਦੇ ਬਾਅਦ ਪੁਲਸ ਜਬਰਦਸਤੀ ਮ੍ਰਿਤਕਾ ਦੀ ਲਾਸ਼ ਅਤੇ ਧਰਨਾ ਲਾਈ ਬੈਠੇ ਪੀੜਤ ਪਰਵਾਰ ਨੂੰ ਸਫਦਰਜੰਗ ਹਸਪਤਾਲ ਤੋਂ ਚੁੱਕ ਕੇ ਲੈ ਗਈ ਅਤੇ ਉਸ ਦੇ ਪਿੰਡ ਅਤੇ ਸਾਰੇ ਇਲਾਕੇ ਵਿੱਚ ਪੁਲਸ ਦੇ ਸਖਤ ਪਹਿਰੇ ਲਵਾ ਕੇ ਰਾਤੋ-ਰਾਤ ਹੀ ਅੰਤਮ ਸੰਸਕਾਰ ਕਰਵਾ ਦਿੱਤਾ ਗਿਆ।

ਇਸ ਤੋਂ ਪਹਿਲਾਂ ਮੰਗਲਵਾਰ ਨੂੰ ਦਿੱਲੀ ਦੇ ਸਫਦਰਜੰਗ ਹਸਪਤਾਲ ਵਿੱਚ ਪੀੜਤ ਲੜਕੀ ਦੀ ਮੌਤ ਹੋਣ ਦੇ ਕਾਰਨ ਲੋਕਾਂਦਾਇਨਾ ਗੁੱਸਾ ਵਧਿਆ ਕਿ ਉਸ ਨੂੰ ਨਿਆਂ ਦਿਵਾਉਣ ਲਈ ਸੋਸ਼ਲ ਮੀਡੀਆ ਉੱਤੇ ਮੁਹਿੰਮ ਛੇੜ ਦਿੱਤੀ ਗਈਅਤੇ ਇਸ ਮੁਹਿੰਮ ਦੌਰਾਨ ਜ਼ਿਲਾ ਹਾਥਰਸ ਪੁਲਸ ਤੇ ਉੱਤਰ ਪ੍ਰਦੇਸ਼ ਦੀ ਭਾਜਪਾ ਦੀ ਯੋਗੀ ਆਦਿਤਿਆਨਾਥ ਸਰਕਾਰ ਲੋਕਾਂ ਦੇ ਨਿਸ਼ਾਨੇ ਉੱਤੇਆ ਗਈ। ਪੀੜਤ ਲੜਕੀ ਦੇ ਪਰਿਵਾਰ ਨੇ ਪੁਲਸ ਉੱਤੇ ਕਈ ਦੋਸ਼ ਲਾਏ ਹਨ। ਮ੍ਰਿਤਕਾ ਦੇ ਭਰਾ ਨੇ ਕਿਹਾ ਕਿ ਇਸ ਜੁਰਮ ਦੀ ਸ਼ਿਕਾਇਤ ਦਰਜ ਕਰਾਉਣ ਲਈ ਸਾਨੂੰ 8-10 ਦਿਨ ਇੰਤਜ਼ਾਰ ਕਰਨਾ ਪਿਆ ਸੀ। ਰਿਪੋਰਟ ਦਰਜ ਹੋਣਤੋਂ ਬਾਅਦ ਵੀ ਪੁਲਸ ਇੱਕ ਦੋਸ਼ੀ ਨੂੰ ਫੜਦੀ ਅਤੇ ਦੂਸਰੇ ਨੂੰ ਛੱਡ ਦਿੰਦੀ ਸੀ। ਧਰਨਾ-ਪ੍ਰਦਰਸ਼ਨ ਮਗਰੋਂ ਕੁਝ ਅੱਗੇ ਦੀ ਕਾਰਵਾਈ ਹੋਈ ਅਤੇ ਦੋਸ਼ੀਆਂ ਨੂੰ ਇਸ ਵਾਰਦਾਤ ਦੇ 10-12 ਦਿਨ ਬਾਅਦ ਫੜਿਆ ਗਿਆ। ਪੀੜਤਾ ਦੇ ਭਰਾ ਨੇ ਕਿਹਾ ਕਿ ਪੁਲਸ ਵਾਲਿਆਂ ਨੇ ਉਸ ਦੀ ਭੈਣ ਦੀ ਤਰਸ ਯੋਗ ਹਾਲਤ ਦੇ ਬਾਵਜੂਦ ਐਂਬੂਲੈਂਸ ਤੱਕ ਨਹੀਂ ਮੰਗਵਾਈ ਤੇ ਜਦੋਂ ਭੈਣ ਜ਼ਮੀਨ ਉੱਤੇ ਲੇਟੀ ਹੋਈ ਸੀ ਤਾਂ ਪੁਲਸ ਵਾਲਿਆਂ ਨੇ ਕਿਹਾ ਸੀ ਕਿ ਇਸ ਨੂੰ ਏਥੋਂ ਲੈ ਜਾਓ, ਇਹ ਐਵੇਂ ਬਹਾਨੇ ਬਣਾ ਕੇ ਲੇਟੀ ਹੋਈ ਹੈ। ਇਸ ਦੇ ਬਾਅਦ ਵੀ ਪੁਲਸ ਦਾ ਰਵੱਈਆ ਦੋਸ਼ੀਆਂ ਦੀ ਮਦਦ ਕਰਨ ਵਾਲਾ ਰਿਹਾ ਸੀ।

ਅੱਜ ਮੰਗਲਵਾਰ ਨੂੰ ਗੈਂਗ ਰੇਪ ਦੀ ਪੀੜਤ ਲੜਕੀ ਦੀ ਮੌਤ ਦੇ ਬਾਅਦ ਉਸ ਦੇ ਪਿਤਾ ਤੇ ਪਰਵਾਰ ਦੇ ਸਾਰੇ ਲੋਕ ਜਦੋਂ ਸਫਦਰਜੰਗ ਹਸਪਤਾਲ ਵਿੱਚ ਧਰਨੇ ਉੱਤੇ ਬੈਠੇ ਸਨ ਤਾਂ ਪੁਲਸ ਉਨ੍ਹਾਂ ਨੂੰ ਜਬਰਦਸਤੀ ਓਥੋਂ ਆਪਣੇ ਨਾਲ ਲੈ ਗਈ। ਪਰਿਵਾਰ ਨੇ ਦੋਸ਼ ਲਾਇਆ ਕਿ ਸਾਡੀ ਸਹਿਮਤੀਤੋਂ ਬਿਨਾਂ ਲਾਸ਼ ਹਸਪਤਾਲ ਤੋਂ ਲਿਜਾਈ ਗਈ ਅਤੇ ਸਾਨੂੰ ਪੋਸਟਮਾਰਟਮ ਰਿਪੋਰਟ ਤੱਕ ਨਹੀਂਦਿੱਤੀ ਗਈ,ਅਸੀਂ ਕਿਸੇ ਕਾਗਜ ਉੱਤੇ ਦਸਖ਼ਤ ਨਹੀਂ ਕੀਤੇ। ਪਰਿਵਾਰ ਦਾ ਕਹਿਣਾ ਹੈ ਕਿ ਸਾਡੀ ਸਹਿਮਤੀ ਦੇ ਬਿਨਾਂ ਹਸਪਤਾਲ ਵਿੱਚੋਂ ਕੋਈ ਲਾਸ਼ ਕਿਵੇਂ ਲੈ ਜਾ ਸਕਦਾ ਹੈ।ਪੀੜਤਾ ਦੇ ਭਰਾ ਨੇ ਕਿਹਾ ਕਿ ਉਸ ਦੇ ਪਿਤਾ ਨੇ ਐਂਬੁਲੈਂਸ ਡਰਾਈਵਰ ਨਾਲ ਗੱਲ ਕੀਤੀ ਤਾਂ ਪਤਾ ਲੱਗਾ ਕਿ ਐਂਬੁਲੈਂਸ ਯਮੁਨਾ ਐਕਸਪ੍ਰੈਸਵੇਅ ਪਾਰ ਕਰ ਚੁੱਕੀ ਹੈ। ਉਸ ਦੇ ਪਿਤਾ ਨੇ ਡਰਾਈਵਰ ਨੂੰ ਵਾਪਸ ਆਉਣ ਤੇ ਪੋਸਟਮਾਰਟਮ ਰਿਪੋਰਟ ਵਿਖਾਉਣ ਨੂੰ ਕਿਹਾ, ਪਰ ਇਹ ਗੱਲ ਮੰਨੀ ਨਹੀਂ ਗਈ। ਇਸ ਦੇ ਬਾਅਦ ਰਾਤੋ-ਰਾਤ ਲੜਕੀ ਦਾ ਅੰਤਮ ਸੰਸਕਾਰ ਕਰਵਾ ਦਿੱਤਾ ਗਿਆ।

# ਭਾਜਪਾ ਨੇ ਹਿੱਕ ਠੋਕੀ: ਅਸੀਂ ਪੰਜਾਬ ਵਿਧਾਨ ਸਭਾ ਦੀਆਂ ਸਭ ਸੀਟਾਂ ਉੱਤੇ ਇਕੱਲੇ ਚੋਣਾਂ ਲੜਾਂਗੇ : ਅਸ਼ਵਨੀ ਸ਼ਰਮਾ

ਲੁਧਿਆਣਾ, 29 ਸਤੰਬਰ, (ਪੋਸਟ ਬਿਊਰੋ)- ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਅੱਜ ਸਾਫ ਕਹਿ ਦਿੱਤਾ ਹੈ ਕਿ ਅਗਲੀਆਂਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਉਨ੍ਹਾਂ ਦੀ ਪਾਰਟੀ ਪੰਜਾਬ ਦੀਆਂ ਸਾਰੀਆਂ 117 ਸੀਟਾਂ ਉੱਤੇਆਪਣੇ ਉਮੀਦਵਾਰ ਖੜੇ ਕਰੇਗੀ, ਜਿਸ ਦੇ ਲਈ ਵਰਕਰ ਦਿਨ-ਰਾਤ ਜੁੱਟੇ ਹੋਏ ਹਨ।



ਅੱਜ ਇਥੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪੰਜਾਬ ਵਿੱਚਚੱਲਦੇ ਕਿਸਾਨ ਸੰਘਰਸ਼ ਦੇ ਪਿੱਛੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੀ 'ਗੰਦੀ ਸਿਆਸਤ' ਕੰਮ ਕਰਦੀ ਹੈ। ਉਨ੍ਹਾ ਨੇ ਕਿਹਾ ਕਿ ਕਾਂਗਰਸ ਦੀ ਪੰਜਾਬ ਸਰਕਾਰ ਹਰ ਫਰੰਟ ਉੱਤੇ ਬੁਰੀ ਤਰ੍ਹਾਂ ਫੇਲ ਸਾਬਤ ਹੋਣ ਪਿੱਛੋਂ ਇਸ ਕਿਸਾਨ ਸੰਘਰਸ਼ ਦੇ ਨਾਲ ਲੋਕਾਂ ਦਾ ਧਿਆਨ ਪੰਜਾਬ ਵਿੱਚ ਜ਼ਹਿਰੀਲੀ ਸ਼ਰਾਬ ਨਾਲ ਮੌਤਾਂ, ਘਰ-ਘਰ ਵਿਕਦੇ ਨਸ਼ੇ, ਮਾਈਨਿੰਗ ਮਾਫੀਆ ਅਤੇ ਦਲਿਤ ਬੱਚਿਆਂ ਦੇ ਵਜ਼ੀਫੇ ਵਿਚ ਕਰੋੜਾਂ ਦੇ ਘਪਲੇ ਆਦਿ ਬਾਰੇ ਆਪਣੀ ਨਕਾਮੀਤੋਂ ਹਟਾਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨੌਕਰੀਆਂ ਨਹੀਂ ਮਿਲੀਆਂ, ਬਜ਼ੁਰਗਾਂ ਨੂੰ ਡਬਲ ਪੈਨਸ਼ਨ ਨਹੀਂ ਮਿਲੀ, ਜਿਸ ਦਾ ਕਾਂਗਰਸ ਸਰਕਾਰ ਨੇ ਵਾਅਦਾ ਕੀਤਾ ਸੀ ਅਤੇ ਇਨ੍ਹਾਂ ਮੁੱਦਿਆਂ ਉੱਤੇ ਜਵਾਬ ਦੇਣਾ ਕੈਪਟਨ ਸਰਕਾਰ ਲਈ ਮੁਸ਼ਕਲ ਸਾਬਤ ਹੋ ਰਿਹਾ ਸੀ, ਇਸ ਲਈ ਉਨ੍ਹਾ ਨੇ ਕਿਸਾਨਾਂ ਨੂੰ ਗੁੰਮਰਾਹ ਕਰਨ ਦੇ ਲਈ ਇਹ ਨਾਟਕ ਸ਼ੁਰੂ ਕੀਤਾ ਹੈ, ਜਿਸਤੋਂ ਪੂਰਾ ਪੰਜਾਬ ਸ਼ਰਮਿੰਦਾ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਸਾਨਾਂ ਦੀ ਖੁਸ਼ਹਾਲ ਭਵਿੱਖ ਲਈ ਨਵੇਂ ਖੇਤੀ ਕਾਨੂੰਨਾਂ ਨੂੰ ਲਾਗੂ ਕਰਨ ਦਾ ਕਦਮ ਚੁੱਕਿਆ ਹੈ ਤੇ ਕੇਂਦਰ ਵੱਲੋਂ ਖੇਤੀ ਖੇਤਰ ਲਈ ਲਿਆਂਦੇ ਗਏ ਤਿੰਨੇ ਕਾਨੂੰਨ ਕਿਸਾਨਾਂ ਦੇ ਹਿੱਤ ਵਿੱਚ ਹਨ, ਜਿਸ ਨਾਲ ਫਸਲ ਦਾ ਸਹੀ ਮੁੱਲ ਮਿਲੇਗਾ ਅਤੇ ਉਨ੍ਹਾਂ ਦੀ ਆਮਦਨ ਵਧੇਗੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪਾਸ ਕੀਤੇ ਕਾਨੂੰਨਾਂ ਵਿੱਚ ਕਿਸਾਨਾਂ ਦੀ ਫਸਲ ਦੇ ਘੱਟੋ-ਘੱਟ ਮੁੱਲ ਦੇ ਕਿਸੇ ਤਰ੍ਹਾਂ ਦੇ ਬਦਲਾਅ ਦੀ ਕੋਈ ਗੱਲ ਨਹੀਂ ਕਹੀ, ਸਗੋਂ ਭਾਜਪਾ ਦੀ ਐੱਨ ਡੀ ਏ ਸਰਕਾਰ ਨੇ ਲਾਗਤ ਕੀਮਤ ਦੀ ਡੇਢ ਗੁਣਾ ਘੱਟੋ-ਘੱਟ ਖਰੀਦ ਕੀਮਤ (ਐੱਮ ਐੱਸ ਪੀ) ਦੇਣੀ ਤੈਅ ਕੀਤੀ ਹੈ ਅਤੇ ਐੱਮ ਐੱਸ ਪੀ ਅਤੇ ਸਰਕਾਰੀ ਖਰੀਦ ਵਿਚ ਰਿਕਾਰਡ ਵਾਧਾਕੀਤਾ ਹੈ। ਉਨ੍ਹਾ ਕਿਹਾ ਕਿ ਅਮਰਿੰਦਰ ਸਿੰਘਦਾ ਇਹ ਕਹਿਣਾ ਕਿ ਕਿਸਾਨਾਂ ਦੀ ਬੇਚੈਨੀ ਦਾ ਪਾਕਿਸਤਾਨੀ ਖੁਫੀਆ ਏਜੰਸੀ ਆਈ ਐੱਸ ਆਈ ਲਾਭ ਉਠਾ ਸਕਦੀ ਹੈ, ਬੇਹੱਦ ਮੰਦਭਾਗਾ ਹੈ, ਜਿਸ ਨੇ ਕਾਂਗਰਸ ਦੀ ਮਾਨਸਿਕਤਾ ਸਾਹਮਣੇ ਲਿਆਂਦੀ ਹੈ। ਉਨ੍ਹਾਂ ਪੁੱਛਿਆ ਕਿ ਕੀ ਪੰਜਾਬ ਸਰਕਾਰ ਏਨੀ ਕਮਜ਼ੋਰ ਹੈ ਕਿ ਭਾਰਤ ਦੇ ਅੰਦਰੂਨੀ ਮਾਮਲਿਆਂ ਦਾ ਲਾਭ ਆਈ ਐੱਸ ਆਈ ਨੂੰ ਮਿਲ ਸਕਦਾ ਹੈ।

# ਇੰਗਲੈਂਡ ਵਿੱਚ ਕੋਰੋਨਾ ਕੇਸ ਵਧੇ ਵੇਖ ਕੇ 6 ਮਹੀਨੇ ਲਈ ਨਵੀਆਂ ਪਾਬੰਦੀਆਂ ਲਾਗੂ

ਲੰਡਨ, 29 ਸਤੰਬਰ, (ਪੋਸਟ ਬਿਊਰੋ)- ਇੰਗਲੈਂਡ ਵਿਚ ਕੋਰੋਨਾਵਾਇਰਸ ਨਾਲ ਹਾਲਾਤ ਤੇਜ਼ੀ ਨਾਲ ਵਿਗੜਦੇ ਦਿੱਸਣ ਲੱਗੇ ਤਾਂ ਸਰਕਾਰ ਨੇ ਇੱਕ ਵਾਰ ਫਿਰ ਸਖਤੀ ਕਰਨ ਦਾ ਸੰਦੇਸ਼ ਦੇ ਦਿੱਤਾ ਹੈ।

ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਤਾਜ਼ਾ ਹਾਲਤ ਨੂੰ 'ਖਤਰਨਾਕ ਮੋੜ' ਦੱਸ ਕੇ ਨਵੀਆਂ ਪਾਬੰਦੀਆਂ ਦਾ ਐਲਾਨ ਕੀਤਾ ਹੈ, ਜਿਹੜੀਆਂ ਅਗਲੇ 6 ਮਹੀਨੇ ਜਾਂ ਓਦੋਂ ਤੱਕ ਹੋਣਗੀਆਂ,ਜਦੋਂ ਤੱਕ ਹਾਲਾਤ ਨਾ ਸੁਧਰ ਗਏ।ਕੋਰੋਨਾ ਦੀ ਮਾਰ ਨੂੰ ਦੇਖਦੇ ਹੋਏ ਲਾਗੂ ਹੋਈਆਂ ਨਵੀਂਆਂ ਪਾਬੰਦੀਆਂ ਵਿਚ ਦਫਤਰ ਆਦਿ ਬਾਹਰੀ ਇਲਾਕੇ ਵਿਚ ਕੰਮ ਦੀ ਥਾਂ ਘਰ ਤੋਂ ਕੰਮ (ਵਰਕ ਫਰਾਮ ਹੋਮ) ਨੂੰ ਪਹਿਲ ਦਿੱਤੀ ਗਈ ਹੈ। ਬਾਰ ਅਤੇ ਰੈਸਟੋਰੈਂਟ ਹਰ ਹਾਲਤ ਰਾਤ 10 ਵਜੇ ਤੱਕ ਬੰਦ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਤੇਉਹ ਸਿਰਫ ਟੇਬਲ ਸਰਵਿਸ ਕਰਨਗੇ।ਰੈਸਟੋਰੈਂਟ ਵਿਚ ਮਾਸਕ ਲਾਜਮੀ ਕਰ ਦਿੱਤਾ ਗਿਆ ਹੈ ਤੇ ਇਹ ਸਿਰਫ ਖਾਂਦੇ ਸਮੇਂ ਉਤਾਰਿਆ ਜਾ ਸਕਦਾ ਹੈ। ਰਿਟੇਲ ਸਟਾਫ ਤੋਂ ਲੈ ਕੇ ਟੈਕਸੀ ਤੇ ਪ੍ਰਾਈਵੇਟ ਹਾਇਰ ਵ੍ਹੀਕਲ (ਕਿਰਾਏ ਦੀਆਂ ਗੱਡੀਆਂ) ਦੇ ਸਟਾਫ ਲਈ ਫੇਸ ਮਾਸਕ ਪਾਉਣਾ ਲਾਜਮੀ ਹੋਵੇਗਾ ਅਤੇ ਕਿਸੇ ਵਿਆਹ ਵਿਚ 15 ਤੋਂ ਵੱਧ ਮਹਿਮਾਨ ਸ਼ਾਮਲ ਨਹੀਂ ਹੋਣਗੇ।ਨਵੇਂ ਨਿਯਮਾਂ ਮੁਤਾਬਕ ਜਿਹੜੇ ਲੋਕ ਕੋਰੋਨਾ ਪਾਜ਼ੇਟਿਵ ਨਿਕਲੇ, ਉਨ੍ਹਾਂ ਲਈ ਇਕਾਂਤਵਾਸ ਕਾਨੂੰਨੀ ਤੌਰ ਉੱਤੇਲਾਜਮੀ ਹੋਵੇਗਾ ਤੇ ਉਹ ਵੀ ਇਕਾਂਤਵਾਸ ਵਿਚ ਰਹਿਣਗੇ, ਜੋ ਕਿਸੇ ਕੋਰੋਨਾ ਮਰੀਜ਼ ਦੇ ਸੰਪਰਕ ਵਿਚ ਆਏ ਹਨ ਤੇ ਜੇ ਕੋਈ ਵਿਅਕਤੀ ਸੈਲਫ ਇਕਾਂਤਵਾਸ ਤੋਂ ਮਨ੍ਹਾ ਕਰਦਾ ਹੈ ਤਾਂ ਉਸ ਉੱਤੇ 10 ਹਜ਼ਾਰ ਪੌਂਡ ਜੁਰਮਾਨਾ ਹੋ ਸਕਦਾ ਹੈ। ਸੈਲਫ ਇਕਾਂਤਵਾਸ ਦੇ ਨਿਯਮਾਂ ਮੁਤਾਬਕ ਪਾਜ਼ੇਟਿਵ ਵਿਅਕਤੀ ਅਗਲੇ 10 ਦਿਨ ਆਪਣਾ ਘਰ ਨਹੀਂ ਛੱਡੇਗਾ, ਇੱਥੋਂ ਤੱਕ ਕਿ ਉਸ ਨੂੰ ਜ਼ਰੂਰੀ ਸਾਮਾਨ ਖਰੀਦਣ ਲਈ ਵੀ ਬਾਹਰ ਆਉਣ ਦੀ ਇਜਾਜ਼ਤ ਨਹੀਂ ਹੋਵੇਗੀ।

ਇਹ ਸਖਤ ਪਾਬੰਦੀਆਂ ਇਸ ਲਈ ਲਾਈਆਂ ਹਨ ਕਿ ਤਾਜ਼ਾ ਰਿਪੋਰਟ ਮੁਤਾਬਕ ਇੰਗਲੈਂਡ ਵਿਚ ਲੋਕ ਕਾਫੀ ਹੱਦ ਤੱਕ ਨਿਯਮਾਂ ਦੀ ਉਲੰਘਣਾ ਕਰ ਰਹੇ ਹਨ। ਇਸ ਕਾਰਨ ਨਿਯਮਾਂ ਦੀ ਸਖਤੀ ਨਾਲ ਪਾਲਣਾ ਲਈ ਪੁਲਸ ਅਤੇ ਪ੍ਰਸ਼ਾਸਨ ਨੂੰ ਨਿਰਦੇਸ਼ ਦਿੱਤੇ ਗਏ ਹਨ ਅਤੇ ਕਿਹਾ ਗਿਆ ਹੈ ਕਿ ਲੋੜ ਪਈ ਤਾਂ ਫੌਜ ਨੂੰ ਵੀ ਸੱਦਿਆ ਜਾ ਸਕਦਾ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family



MacroGlobal Immigration Services Ltd.
Seema Bhayana
ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol
Broker

CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Mississauga $749,000**

**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**

**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**
Photo Not Available
**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000**

**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

**Brampton $749,000**

**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

**124 Cornwall Rd:** Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.


**Mississauga $715,000**

**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# Ride Ontario's Heritage Railway

## SPECIAL RIDES
FALL COLOURS TOURS



SOUTH SIMCOE RAILWAY
ONTARIO'S FIRST STEAM HERITAGE RAILWAY

**Starts From Sep 27**
**Reservation only**

ਪੱਤਿਆਂ ਦੇ ਬਦਲਦੇ ਰੰਗਾਂ ਦਾ ਕੁਦਰਤੀ ਨਜ਼ਾਰਾ ਯਾਨੀ ਪਤਝੱੜ (Falls) ਦਾ ਇਸ ਵਾਰੀ Beeton Creek Valley ਵਿੱਚ South Simcoe ਦੀ Heritage Train ਰਾਹੀਂ ਆਪਣੇ ਪਰਿਵਾਰ ਸਮੇਤ ਆਨੰਦ ਮਾਣੋ

Ask about on-board Birthday Parties!



ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ

ਪਾਰਕਾਂ ਵਿੱਚ ਪਿਕਨਿਕ ਮਨਾਉਣ ਦਾ ਨਜ਼ਾਰਾ ਲੈਣ ਲਈ: www.tottenhamconservation.com
For complete information, fares & schedules, please visit southsimcoerailway.ca

GPS 44 . 01 . 19 N
79 . 48 . 27 W

or call: 905.936.5815

VISA MasterCard Interac



jobs! jobs! jobs! jobs! jobs!

DUNDAS·JAFINE

# HELP WANTED
## ਕਾਮਿਆਂ ਦੀ ਲੋੜ
### ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ


ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

**Join and Represent Us**

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



# Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

## ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੇ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
**647.539.3020**


1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਕੈਨੇਡਾ ਦੀ 'ਮਹਾਨ ਟਰੇਲ' ਅਤੇ ਪੰਜਾਬੀ

ਇੰਜ. ਈਸ਼ਰ ਸਿੰਘ
ਫ਼ੋਨ: 647-640-2014

ਪੀਲ ਰੀਜਨ ਦੇ ਉੱਤਰੀ ਸ਼ਹਿਰ ਕੈਲੇਡਨ ਵਿੱਚੋਂ ਦੀ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਇਕ ਬਹੁਤ ਹੀ ਪਿਆਰੀ ਸੈਰ-ਗਾਹ (ਟਰੇਲ) ਲੰਘਦੀ ਹੈ, ਜਿਹੜੀ ਕਿ ਕੈਨੇਡਾ ਦੀ 'ਮਹਾਨ ਟਰੇਲ' ('ਦ ਗਰੇਟ ਟਰੇਲ) ਦਾ ਇਕ ਹਿੱਸਾ ਹੈ। ਮਹਾਨ ਟਰੇਲ ਦਾ ਪਹਿਲਾ ਨਾਂ 'ਟਰਾਂਸ ਕਨੇਡਾ ਟਰੇਲ' (ਟੀ.ਸੀ.ਟੀ.) ਸੀ। ਇਸ ਦੀ ਲੰਬਾਈ 24,000 ਕਿਲੋਮੀਟਰ ਹੈ ਅਤੇ ਇਹ ਦੁਨੀਆਂ ਦੀ ਸੱਭ ਤੋਂ ਲੰਮੀ ਟਰੇਲ ਹੈ। ਇਹ ਕੈਨੇਡਾ ਦੇ ਹਰੇਕ ਪ੍ਰੋਵਿੰਸ ਅਤੇ ਇਸ ਦੀ ਹਰੇਕ ਟੈਰੀਟਰੀ ਵਿੱਚੋਂ ਲੰਘਦੀ ਹੈ। ਪਰਿਭਾਸ਼ਾ ਦੇ ਪੱਖੋਂ ਇਹ ਕੇਵਲ ਇਕ 'ਟਰੇਲ' ਨਾ ਹੋ ਕੇ ਕੈਨੇਡਾ ਦੇ ਪੂਰਬ ਤੋਂ ਲੈ ਕੇ ਉੱਤਰੀ ਅਤੇ ਪੱਛਮੀ ਭਾਗਾਂ ਦੇ ਵੱਖ-ਵੱਖ ਹਿੱਸਿਆਂ ਦੀਆਂ 400 ਦੇ ਲੱਗਭੱਗ ਛੋਟੀਆਂ-ਵੱਡੀਆਂ ਟਰੇਲਾਂ ਨੂੰ ਲੋੜ ਅਨੁਸਾਰ ਜੋੜ ਕੇ ਬਣਾਈ ਇਕ ਲੜੀ ਹੈ। ਇਹ ਕੈਨੇਡਾ ਦੇ ਧੁਰ ਪੂਰਬੀ ਸ਼ਹਿਰ ਸੇਂਟ ਜੌਹਨ ਤੋਂ ਸ਼ੁਰੂ ਹੋ ਕੇ ਪੱਛਮ ਵਿਚ ਵਿਕਟੋਰੀਆ ਸ਼ਹਿਰ ਅਤੇ ਫਿਰ ਉੱਤਰ ਵੱਲ ਟੁੰਡਰਾ ਤੱਕ ਹੈ। ਤਸਵੀਰ ਵਿਚ ਵਿਖਾਇਆ ਗਿਆ ਇਸਦਾ ਨਕਸ਼ਾ ਵੇਖ ਕੇਂ ਇਹ ਸਪੱਸ਼ਟ ਹੋ ਜਾਂਦਾ ਹੈ। ਨਕਸ਼ੇ ਵਿਚ ਲਾਲ ਅਤੇ ਹਰੀਆਂ ਲਾਈਨਾਂ ਦੀ ਸਹਾਇਤਾ ਨਾਲ ਦਰਸਾਈ ਗਈ ਇਸ ਟਰੇਲ ਦਾ ਸੱਭ ਤੋਂ ਲੰਮਾ ਹਿੱਸਾ 5,000 ਕਿਲੋਮੀਟਰ ਤੋਂ ਵਧੇਰੇ ਸਾਡੇ ਪ੍ਰੋਵਿੰਸ ਓਨਟਾਰੀਓ ਵਿੱਚੋਂ ਲੰਘਦਾ ਹੈ। ਲਾਲ ਰੰਗ ਦੀ ਲਾਈਨ ਟਰੇਲ ਜ਼ਮੀਨੀ ਰਸਤੇ ਨੂੰ ਦਰਸਾਉਂਦੀ ਹੈ, ਜਦ ਕਿ ਭੂਰੇ ਰੰਗ ਦੀ ਲਾਈਨ ਇਸ ਦੇ ਪਾਣੀ ਵਾਲੇ ਅਤੇ ਬਰਫ਼ਾਨੀ ਰਸਤੇ ਨੂੰ ਪਗ੍ਹਟਾਅ ਰਹੀ ਹੈ।




ਇਸ ਤਰ੍ਹਾਂ ਇਹ ਟਰੇਲ ਕੈਨੇਡਾ ਦੇ ਅਦੁੱਤੀ ਕੁਦਰਤੀ ਨਜ਼ਾਰਿਆਂ ਦੀ ਇਕ ਖ਼ੂਬਸੂਰਤ ਨੁਮਾਇਸ਼ ਹੈ ਅਤੇ ਆਪਣੀ ਮਿਸਾਲ ਆਪ ਹੈ। ਇਹ ਕੈਨੇਡਾ ਦੇ ਵੱਖ-ਵੱਖ ਸੂਬਿਆਂ ਅਤੇ ਟੈਰੀਟਰੀਆਂ ਵਿਚ ਪੱਧਰੀਆਂ ਅਤੇ ਉੱਚੀਆਂ-ਨੀਵੀਆਂ ਥਾਵਾਂ, ਸੰਘਣੇ ਜੰਗਲਾਂ, ਹਰਿਆਵਲੇ ਰਸਤਿਆਂ, ਵੱਡੇ-ਛੋਟੇ ਸ਼ਹਿਰਾਂ, ਕਨਜ਼ਰਵੇਸ਼ਨ-ਖਿੱਤਿਆਂ, ਕੱਚੀਆਂ-ਪੱਕੀਆਂ ਸੜਕਾਂ, ਨਦੀਆਂ-ਨਾਲ਼ਿਆਂ, ਝੀਲਾਂ, ਪਹਾੜਾਂ ਅਤੇ ਕਈ ਥਾਈਂ ਦਰਿਆਂਵਾਂ ਤੇ ਸਮੁੰਦਰ ਦੇ ਕੁਝ ਹਿੱਸਿਆਂ ਉੱਪਰੋਂ ਦੀ ਲੰਘਦੀ ਇਕ ਵੱਖਰੀ ਕਿਸਮ ਦਾ ਅਜੂਬਾ ਹੈ। ਇਹ ਇਕ ਬਹੁ-ਮੰਤਵੀ ਸੈਰ-ਗਾਹ ਹੈ ਜਿਸ 'ਤ ਹੇਠ-ਲਿਖੀਆਂ ਖੇਡ-ਕਾਰਵਾਈਆਂ ਕੀਤੀਆਂ ਜਾਂਦੀਆਂ ਹਨ:

- ਹਾਈਕਿੰਗ
- ਟਰੈਕਿੰਗ
- ਸਾਈਕਲਿੰਗ
- ਘੋੜ-ਸਵਾਰੀ
- ਸਕੀਇੰਗ
- ਪੈਡਲਿੰਗ
- ਸਨੋਅ-ਮੋਬਾਈਲਿੰਗ
- ਸਨੋਅ-ਬੋਰਡਿੰਗ

ਇਸ ਤੋਂ ਇਲਾਵਾ ਇਸ ਟਰੇਲ ਦਾ ਕੈਨੇਡਾ ਦੀ ਆਰਥਿਕ ਤਰੱਕੀ ਵਿਚ ਵੀ ਭਰਵਾਂ ਯੋਗਦਾਨ ਹੈ। ਖੇਡਾਂ ਦੇ ਸਮਾਨ ਦੀ ਵਿਕਰੀ ਵਿਚ ਵਾਧਾ, ਹੋਟਲਾਂ-ਮੋਟਲਾਂ, ਰਹਿਣ-ਸਹਿਣ ਅਤੇ ਖਾਣ-ਪੀਣ ਦੀ ਸਮੱਗਰੀ ਨਾਲ ਜੁੜੇ ਹਰ ਤਰ੍ਹਾਂ ਦੇ ਕਾਰੋਬਾਰ ਵਿਚ ਵਾਧਾ, ਨਵੇਂ ਲਿੰਕ ਰਸਤੇ, ਵੱਡੇ-ਛੋਟੇ ਪੁਲ਼ ਅਤੇ ਸੁਰੱਖਿਆ ਨਾਲ ਜੁੜੇ ਯੰਤਰਾਂ ਦੀ ਨਵ-ਉਸਾਰੀ ਇਸ ਵਿਚ ਮੁੱਖ ਤੌਰ 'ਤੇ ਸ਼ਾਮਲ ਹਨ। ਭਾਵੇਂ ਫ਼ੈੱਡਰਲ, ਪ੍ਰੋਵਿੰਸ਼ੀਅਲ ਅਤੇ ਸਥਾਨਕ ਸਰਕਾਰਾਂ ਵੀ ਇਸ ਦੀ ਬਣਤਰ ਅਤੇ ਸਾਂਭ-ਸੰਭਾਲ ਵਿਚ ਆਪਣਾ ਯੋਗਦਾਨ ਪਾ ਰਹੀਆਂ ਹਨ, ਪਰ ਇਸ ਟਰੇਲ ਦੇ ਬਹੁਤੇ ਕੰਮ ਦਾਨ ਅਤੇ ਵਾਲੰਟੀਅਰ ਸੇਵਾਵਾਂ ਰਾਹੀਂ ਕਰਵਾਏ ਜਾ ਰਹੇ ਹਨ। ਇਸ ਦੇ ਨਾਲ ਹੀ ਇਹ ਟਰੇਲ ਕੈਨੇਡਾ ਦੇ 'ਬਹੁ-ਸੱਭਿਆਚਾਰੀ ਤਾਣੇ-ਬਾਣੇ' ਵਿਚ ਵਡਮੁੱਲਾ ਹਿੱਸਾ ਪਾਉਂਦੀ ਹੈ ਅਤੇ ਇਸ ਦੀ ਬਹੁ-ਸੱਭਿਆਚਾਰਕ ਦਿੱਖ (ਮਲਟੀਕਲਚਰਿਜ਼ਮ) ਅਤੇ ਆਪਸੀ-ਸਾਂਝ ਦੀ ਵੀ ਪ੍ਰਤੀਕ ਹੈ। ਇਸ 'ਤੇ ਸੈਰ ਕਰਦਿਆਂ ਸਾਨੂੰ ਹਰ ਵਰਗ, ਖਿੱਤੇ, ਨਸਲ ਅਤੇ ਕੌਮ ਨਾਲ ਸਬੰਧਿਤ ਕੈਨੇਡੀਅਨ ਸ਼ਹਿਰੀ ਆਪਸ ਵਿਚ 'ਹੈਲੋ-ਹਾਏ' ਅਤੇ 'ਸਾਹਬ-ਸਲਾਮ' ਕਰਦਿਆਂ ਮਿਲ ਜਾਣਗੇ।

ਪਹਿਲਾਂ ਵਰਨਣ ਕਾਰਵਾਈਆਂ ਅਤੇ ਇਨ੍ਹਾਂ ਨਾਲ ਜੁੜੀਆਂ ਗੱਲਾਂ ਭਾਵੇਂ ਸਾਡੇ ਪੰਜਾਬੀ ਜੀਵਨ ਅਤੇ ਸੱਭਿਆਚਾਰ ਹਿੱਸਾ ਨਹੀਂ, ਫਿਰ ਵੀ ਅਸੀਂ ਇਨ੍ਹਾਂ ਨੂੰ ਅਪਨਾਉਣ ਵਿਚ ਕੁਝ ਹੱਦ ਤੀਕ ਸਫ਼ਲ ਹੋਏ ਹਾਂ। ਇਹ ਵੱਖਰੀ ਗੱਲ ਹੈ ਕਿ ਓਨੇ ਨਹੀ,ਂ ਜਿੰਨੀ ਇਸ ਦੀ ਜ਼ਰੂਰਤ ਹੈ। ਪੰਜਾਬੀਆਂ ਨੇ ਇਨ੍ਹਾਂ ਟਰੇਲਾਂ 'ਤੇ ਸੈਰ ਕਰਨੀ ਸ਼ੁਰੂ ਤਾਂ ਕਰ ਦਿੱਤੀ ਹੈ ਅਤੇ ਕੁਝ ਇਨ੍ਹਾਂ ਉੱਪਰ ਜੌਗਿੰਗ ਅਤੇ ਸਾਈਕਲਿੰਗ ਕਰਦੇ ਵੀ ਨਜ਼ਰ ਆਉਂਦੇ ਹਨ ਪਰ ਉਨ੍ਹਾਂ ਦੀ ਗਿਣਤੀ ਦੂਸਰੀਆਂ ਕਮਿਊਨਿਟੀਆਂ ਦੇ ਮੁਕਾਬਲੇ ਅਜੇ ਬਹੁਤ ਘੱਟ ਹੈ। ਸਾਡੇ ਪੰਜਾਬੀਆਂ ਲਈ ਘੋੜ-ਸਵਾਰੀ, ਸਕੀਇੰਗ, ਪੈਡਲਿੰਗ, ਸਨੋਅ ਬੋਰਡਿੰਗ ਅਤੇ ਸਨੋਅ-ਮੋਬਾਈਲਿੰਗ ਅਜੇ ਦੂਰ ਦੀਆਂ ਗੱਲਾਂ ਹਨ। ਏਸੇ ਕਰਕੇ ਅਸੀਂ ਅਜੇ ਕੈਨੇਡਾ ਦੀਆਂ ਇਨ੍ਹਾਂ ਟਰੇਲਾਂ ਤੋਂ ਪੂਰਾ ਲਾਭ ਨਹੀਂ ਉਠਾ ਰਹੇ। ਪਰ ਇਸ ਦੇ ਨਾਲ ਹੀ ਵਧੀਆ ਗੱਲ ਇਹ ਵੀ ਹੈ ਕਿ ਸਾਡੀ ਆਉਣ ਵਾਲੀ ਪੀੜ੍ਹੀ ਇਸ ਪੱਖ ਤੋਂ ਸਾਡੇ ਨਾਲੋਂ ਵਧੇਰੇ ਚੇਤੰਨ ਹੈ ਅਤੇ ਉਨ੍ਹਾਂ ਨੇ ਬਰਫ 'ਤੇ ਖੇਡੀਆਂ ਜਾਣ ਵਾਲੀਆਂ ਖੇਡਾਂ ਆਈਸ-ਹਾਕੀ, ਸਕੀਇੰਗ, ਸਕੇਟਿੰਗ, ਸਨੋਅ-ਬੋਰਡਿੰਗ, ਆਦਿ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਹੈ।

ਪ੍ਰਮਾਤਮਾ ਦੀ ਕਿਰਪਾ ਨਾਲ ਸਾਨੂੰ ਕੈਨੇਡਾ ਦੀ ਧਰਤੀ 'ਤੇ ਆਉਣ ਦਾ ਮੌਕਾ ਮਿਲਿਆ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਵੀ ਇੱਥੇ ਮਿਲਣ ਵਾਲੀਆਂ ਇਨ੍ਹਾਂ ਕੁਦਰਤੀ ਬਖ਼ਸ਼ਿਸ਼ਾਂ ਦਾ ਭਰਪੂਰ ਫ਼ਾਇਦਾ ਉਠਾਈਏ। ਖ਼ਾਸ ਕਰਕੇ ਅੱਜ ਦੇ ਚੱਲ ਰਹੇ ਕਰੋਨਾ ਮਹਾਂਮਾਰੀ ਦੌਰ ਵਿਚ ਤਾਂ ਇਹ ਹੋਰ ਵੀ ਜ਼ਰੂਰੀ ਹੋ ਗਿਆ ਹੈ ਜਦੋਂ ਕਿ ਕਰੋਨਾ ਦੇ ਭੈਅ ਨੇ ਸਾਨੂੰ ਅੰਦਰ ਬੈਠਣ ਲਈ ਮਜਬੂਰ ਕਰ ਦਿੱਤਾ ਹੈ। ਇਸ ਮਹਾਂਮਾਰੀ ਨੇ ਸਾਡੇ ਨਿਤਾ-ਪ੍ਰਤੀ ਜੀਵਨ ਦੇ ਕਈ ਬਹੁਤ ਜ਼ਰੂਰੀ ਪਰ ਸਾਡੇ ਵੱਲੋਂ ਅਣਗੌਲੇ ਪੱਖ ਸਾਡੇ ਸਾਹਮਣੇ ਉਜਾਗਰ ਕੀਤੇ ਹਨ। ਸਾਨੂੰ ਸੁਹਿਰਦਤਾ ਨਾਲ ਵਿਚਾਰ ਕਰਕੇ ਤੁਰੰਤ ਦੋ ਕਾਰਵਾਈਆਂ ਕਰਨਂ ਦੀ ਲੋੜ ਹੈ।

- ਕੁਦਰਤ ਦਾ ਬਣਦਾ ਸਤਿਕਾਰ ਕਰਨਾ ਅਤੇ ਉਸ ਦੇ ਰਾਹੀਂ ਬਖ਼ਸ਼ੀਆਂ ਹੋਈਆਂ ਪ੍ਰਮਾਤਮਾ ਦੀਆਂ ਦਾਤਾਂ ਦਾ ਪੂਰੇ ਸੰਜਮ ਵਿਚ ਰਹਿ ਕੇ ਸਰਬ-ਸਾਂਝੇ ਭਲੇ ਲਈ ਸਦ-ਉਪਯੋਗ ਕਰਨਾ।
- ਆਪੋ-ਆਪਣੀ ਸਿਹਤ ਦੀ ਸੰਭਾਲ ਅਤੇ ਇਸ ਵਿਚ ਸੁਧਾਰ ਕਰਨ ਲਈ ਪੂਰੀ ਤਰ੍ਹਾਂ ਸੁਚੇਤ ਰਹਿ ਕੇ ਭਰਪੂਰ ਯਤਨ ਕਰਨਾ।

ਇਨ੍ਹਾਂ ਦੋਹਾਂ ਗੱਲਾਂ ਦੀ ਆਪਸ ਵਿਚ ਇਕਸੁਰਤਾ ਦੇ ਨਾਲ਼-ਨਾਲ਼ ਇਹ ਦੋਵੇਂ ਸਾਨੂੰ ਘਰਾਂ, ਆਪਣੇ ਕੰਮਾਂ-ਕਾਰਾਂ ਅਤੇ ਰਿਹਾਇਸ਼ੀ ਬਿਲਡਿੰਗਾਂ ਵਿੱਚੋਂ ਬਾਹਰ ਨਿਕਲ ਕੇ ਕੁਦਰਤ ਨਾਲ ਇਕ-ਮਿਕ ਹੋਣ ਦੀਆਂ ਸਿੱਖਿਆਵਾਂ ਵੀ ਦਿੰਦੀਆਂ ਹਨ। ਇਨ੍ਹਾਂ ਉੱਪਰ ਸਹੀ ਤਰ੍ਹਾਂ ਅਮਲ ਕਰਨ ਵਾਸਤੇ ਟਰੇਲਾਂ 'ਤੇ ਜਾ ਕੇ ਉੱਪਰ ਦੱਸੀਆਂ ਗਈਆਂ ਕਾਰਵਾਈਆਂ ਸਾਡੇ ਲਈ ਬਹੁਤ ਮਦਦਗਾਰ ਸਾਬਤ ਹੋ ਸਕਦੀਆਂ ਹਨ।

'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' ਜਿੱਥੇ ਆਪਣੇ ਮੈਂਬਰਾਂ ਨੂੰ ਇਨ੍ਹਾਂ ਸਿੱਖਿਆਵਾਂ 'ਤੇ ਤੋਰਨ ਲਈ ਪੂਰੀ ਤਰ੍ਹਾਂ ਵਚਨ-ਬੱਧ ਹੈ, ਉੱਥੇ ਇਸ ਨੇ ਆਪਣੀ ਪੂਰੀ ਪੰਜਾਬੀ ਕਮਿਊਨਿਟੀ ਨੂੰ ਇਨ੍ਹਾਂ ਦੇ ਬਾਰੇ ਜਾਗਰੂਕ ਕਰਨ ਦਾ ਵੀ ਬੀੜਾ ਚੁੱਕਿਆ ਹੋਇਆ ਹੈ। ਇਸ ਲਈ ਇਹ ਕਲੱਬ ਆਪਣੇ ਮੈਂਬਰਾਂ ਦੀਆਂ ਪ੍ਰਾਪਤੀਆਂ ਬਾਰੇ ਦੱਸਣ ਦੇ ਨਾਲ਼ ਨਾਲ਼ ਅਖ਼ਬਾਰਾਂ ਵਿਚ ਵੱਖ-ਵੱਖ ਆਰਟੀਕਲ ਲਿਖਣ, ਪੰਜਾਬੀ ਰੇਡੀਓ ਤੇ ਟੀ.ਵੀ.ਚੈਨਲਾਂ ਉੱਪਰ ਸਿਹਤ ਸਬੰਧੀ ਵੱਖ-ਵੱਖ ਵਿਸ਼ਿਆਂ 'ਤੇ ਗੱਲਬਾਤ ਕਰਨ ਅਤੇ ਲੋਕਾਂ ਨੂੰ ਇੱਥੇ ਉਪਲੱਬਧ ਸਹੂਲਤਾਂ ਬਾਰੇ ਜਾਣਕਾਰੀ ਦੇਣ ਦੇ ਭਰਪੂਰ ਯਤਨ ਕਰਦਾ ਰਹਿੰਦਾ ਹੈ। ਟੀ.ਪੀ.ਏ.ਆਰ. ਕਲੱਬ ਇੱਥੇ ਆਪਣੇ ਵੀਰਾਂ-ਭੈਣਾਂ ਅੱਗੇ ਇਸ ਤਰ੍ਹਾਂ ਦੀ ਅਪੀਲ ਕਰਨਾ ਆਪਣਾ ਫ਼ਰਜ਼ ਵੀ ਸਮਝਦਾ ਹੈ ਅਤੇ ਆਪਣਾ ਹੱਕ ਵੀ। ਹੱਕ ਇਸ ਕਰਕੇ ਕਿ ਇਹ ਖ਼ੁਦ ਆਪਣੇ ਮੈਂਬਰਾਂ ਨੂੰ ਪੂਰੇ ਅਨੁਸਾਸ਼ਨ ਅਤੇ ਨੇਮ-ਬੱਧ ਢੰਗ ਨਾਲ ਸਿਹਤ ਸੰਭਾਲ ਅਤੇ ਸੁਧਾਰ ਦੀਆਂ ਗਤੀਵਿਧੀਆਂ ਵਿਚ ਲਗਾਤਾਰ ਲਾ ਕੇ ਰੱਖਦਾ ਹੈ। ਜਦੋਂ ਦਾ ਇਹ ਕਲੱਬ ਬਣਿਆਂ ਹੈ, ਉਦੋਂ ਤੋਂ ਹੀ ਇਸ ਦੇ ਮੈਂਬਰ ਐਸੀਆਂ ਦੌੜਾਂ, ਸੀ.ਐੱਨ. ਟਾਵਰ ਦੀਆਂ ਪੌੜੀਆਂ ਚੜ੍ਹਨ ਅਤੇ ਹੋਰ ਅਜਿਹੀਆਂ ਕਈ ਈਵੈਂਟਾਂ ਵਿਚ ਭਾਗ ਲੈਂਦੇ ਆ ਰਹੇ ਹਨ ਜਿਹੜੀਆਂ ਕਿ ਸਿਰਫ਼ ਤੇ ਸਿਰਫ਼ ਚੈਰੀਟੇਬਲ ਮੰਤਵਾਂ ਲਈ ਕਰਵਾਈਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ ਵਿਸ਼ਵ ਪ੍ਰਸਿੱਧ 'ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ' ਦਾ ਨਾਂ ਖ਼ਾਸ ਤੌਰ 'ਤੇ ਵਰਨਣਯੋਗ ਹੈ। ਕਰੋਨਾ ਮਹਾਂਮਾਰੀ ਦੇ ਚੱਲ ਰਹੇ ਦੌਰ ਕਾਰਨ ਇਸ ਵਾਰ ਇਹ ਦੌੜ 'ਵਰਚੁਅਲ-ਢੰਗ' ਨਾਲ ਕਰਵਾਈ ਜਾ ਰਹੀ ਹੈ। ਟੀ.ਪੀ.ਏ.ਆਰ. ਕਲੱਬ ਵੱਲੋਂ ਇਹ ਦੌੜ ਇਸ 'ਮਹਾਨ ਟਰੇਲ' ਦੇ ਕੈਲਾਡਨ ਵਾਲੇ ਭਾਗ ਵਿਚ ਅਕਤੂਬਰ ਦੇ ਅਖ਼ੀਰ ਵਿਚ ਕਰਵਾਈ ਜਾ ਰਹੀ ਹੈ। ਕਲੱਬ ਦੇ ਸਾਰੇ ਮੈਂਬਰ ਇਸ ਦੇ ਲਈ ਅੱਜਕੱਲ੍ਹ ਪੂਰੇ ਜ਼ੋਰ-ਸ਼ੋਰ ਨਾਲ ਤਿਆਰੀ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਇਸ ਸਮੇਂ 250 ਦੇ ਲੱਗਭੱਗ ਅਥਲੀਟ ਇਸ ਕਲੱਬ ਨਾਲ ਜੁੜੇ ਹੋਏ ਹਨ।

ਕਲੱਬ ਆਪਣੇ ਤਜਰਬੇ ਦੇ ਆਧਾਰ 'ਤੇਂ ਸਮਝਦਾ ਹੈ ਕਿ ਕੈਨੇਡਾ ਦੀ 'ਮਹਾਨ ਟਰੇਲ' ਬਾਰੇ ਇਹ ਮੁੱਢਲੀ ਜਾਣਕਾਰੀ ਸਾਡੀ ਕਮਿਊਨਿਟੀ ਦੇ ਲੋਕਾਂ ਨੂੰ ਘਰੋਂ ਬਾਹਰ ਨਿਕਲਣ ਅਤੇ ਕੁਦਰਤ ਵਿਚ ਵਿਚਰਨ ਲਈ ਉਤਸ਼ਾਂਹਿਤ ਕਰ ਸਕੇਗੀ, ਖ਼ਾਸ ਕਰਕੇ ਸਾਡੇ ਬੱਚਿਆਂ ਨੂੰ ਜਿਹੜੇ ਕਿ ਆਪਣੇ ਭਵਿੱਖ ਨੂੰ ਸ਼ਾਨਮਈ ਅਤੇ ਸਫ਼ਲ ਢੰਗ ਨਾਲ ਜਿਊਣ ਦੇ ਸੁਪਨੇ ਦੇਖ ਰਹੇ ਹਨ। ਇੱਥੇ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਅਸੀਂ ਆਪਣੇ-ਆਪ ਨੂੰ ਇਨ੍ਹਾਂ ਟਰੇਲਾਂ ਦੀ ਕਿਤਾਬੀ ਜਾਂ ਮਹਿਜ਼ ਨਕਸ਼ਾ-ਮਈ ਜਾਣਕਾਰੀ ਤੱਕ ਹੀ ਸੀਮਤ ਨਹੀਂ ਰੱਖਣਾ, ਸਗੋਂ ਇਸ ਤੋਂ ਅੱਗੇ ਜਾ ਕੇ ਪੂਰੀ ਤਰ੍ਹਾਂ ਡਰੈੱਸ-ਅੱਪ ਹੋ ਕੇ ਸੁਹਿਰਦਤਾ ਨਾਲ ਇਕ-ਇਕ ਕਦਮ ਨਾਲ ਇਨ੍ਹਾਂ ਟਰੇਲਾਂ ਨੂੰ ਵਾਰ-ਵਾਰ ਨਿੱਤ ਨਵੇਂ ਉਤਸ਼ਾਹ ਨਾਲ ਮਿਲਣਾ ਹੈ। ਅਸੀਂ ਉਨ੍ਹਾਂ ਹਿੰਮਤੀ ਸੱਜਣਾਂ ਤੋਂ ਉਤਸ਼ਾਹ ਪ੍ਰਾਪਤ ਕਰਨਾ ਹੈ ਜਿਹੜੇ ਸੈਂਕੜੇ ਮੀਲ ਇਨ੍ਹਾਂ ਉੱਪਰ ਤੁਰਦੇ ਹਨ ਜਾਂ ਹਜ਼ਾਰਾਂ ਕਿਲੋ ਮੀਟਰ ਇਨ੍ਹਾਂ ਉੱਪਰ ਸਾਈਕਲਿੰਗ ਕਰਦੇ ਹਨ। ਅਸੀਂ 'ਸੈਰਾਹ ਜੈਕਸਨ' ਨਾਂ ਦੀ 25 ਸਾਲਾ ਆਪਣੀ ਭੈਣ ਤੋਂ ਉਤਸ਼ਾਹ ਲੈਣਾ ਹੈ ਜਿਸ ਨੇ ਇਸ ਪੂਰੀ ਟਰੇਲ ਨੂੰ ਦੋ ਸਾਲਾਂ ਵਿਚ ਤੁਰ ਕੇ ਪੂਰਾ ਕੀਤਾ ਹੈ। ਅਸੀਂ ਪ੍ਰੇਰਨਾ ਲੈਣੀ ਹੈ 'ਡੇਨਾ ਮਾਇਜ਼ੀ' ਨਾਂ ਦੇ ਸੱਜਣ ਤੋਂ, ਜਿਸ ਨੇ ਨਵੰਬਰ 2018 ਵਿਚ ਇਹੀ ਕੰਮ ਪੂਰਾ ਕੀਤਾ। ਦਿਲਚਸਪ ਗੱਲ ਇਹ ਹੈ ਕਿ ਉਸ ਨੇ ਇਹ ਸਫਰ ਘਰੇਲੂ ਮੁਸ਼ਕਲਾਂ ਅਤੇ ਸਰੀਰਕ ਸੱਟਾਂ-ਫ਼ੇਟਾਂ ਦੇ ਬਾਵਜੂਦ ਦਸਾਂ ਸਾਲਾਂ ਵਿਚ ਪੂਰਾ ਕੀਤਾ। ਉਸ ਦੇ ਸਿਰੜ ਅਤੇ ਉਸ ਦੀ ਦ੍ਰਿੜ੍ਹਤਾ ਨੂੰ ਸਲਾਮ ਹੈ ਅਤੇ ਇਹ ਸਾਡੇ ਸਾਰਿਆਂ ਲਈ ਲਈ ਨਿਰੰਤਰ ਪ੍ਰੇਰਨਾ ਦਾ ਸਰੋਤ ਹੈ।

ਏਸੇ ਤਰਾ ਦੀ ਇਕ ਹੋਰ ਦਲੇਰਾਨਾ ਮੁਹਿੰਮ ਬਾਰੇ ਦੱਸਣਾ ਇੱਥੇ ਹੋਰ ਵੀ ਦਿਲਚਸਪ ਅਤੇ ਉਤਸ਼ਾਹ ਜਨਕ ਹੋਵੇਗਾ ਕਿ ਅੱਜ ਵੀ ਸੀਨ ਮਾਰਟਿਨ ਤੇ ਉਸ ਦੀ ਪਤਨੀ ਸੋਨੀਆ ਰਿਚਮੰਡ ਦੀ ਜੋੜੀ ਕੈਨੇਡਾ ਦੀ ਇਸ ਮਹਾਨ ਟਰੇਲ ਨੂੰ ਸਰ ਕਰਨ ਲਈ ਨਿਕਲੀ ਹੋਈ ਹੈ। ਉਨ੍ਹਾਂ ਨੇ ਇਹ ਕਾਰਜ 1 ਜੂਨ, 2019 ਨੂੰ ਆਰੰਭਿਆ ਸੀ ਅਤੇ ਉਹ ਅਕਤੂਬਰ 2022 ਤੱਕ ਇਸ ਨੂੰ ਪੂਰਾ ਕਰਨ ਦਾ ਉਪਰਾਲਾ ਕਰਨ ਪ੍ਰਤੀ ਦ੍ਰਿੜ੍ਹ ਹਨ। ਸਾਨੂੰ ਚਾਹੀਦਾ ਹੈ ਕਿ ਅਸੀਂ ਵੀ ਉਨ੍ਹਾਂ ਵਾਂਗ ਮੈਦਾਨ ਵਿਚ ਉੱਤਰੀਏ। ਕੁਦਰਤ ਵੱਲੋਂ ਮਿਲੀ ਮਨੁੱਖਾ ਜਨਮ ਦੀ ਵਡਮੁੱਲੀ ਦਾਤ ਦੀ ਸਰੀਰਕ ਪੱਖ ਤੋਂ ਪੂਰੀ ਤਰ੍ਹਾਂ ਸੰਭਾਲ ਕਰੀਏ ਤਾਂ ਕਿ ਅਸੀ ਇਸ ਦੇ ਪਰਮਾਰਥੀ ਮੰਤਵ ਦੀ ਪ੍ਰਾਪਤੀ ਕਰਨ ਦੇ ਸਮਰੱਥ ਹੋ ਸਕੀਏ।

(ਸਹਿਯੋਗੀ: ਡਾ. ਸੁਖਦੇਵ ਸਿੰਘ ਝੰਡ, ਫ਼ੋਨ: 647-567-9128)

ਫਾਰਮ ਵਿਚ ਕਾਮਿਆਂ ਦੀ ਲੋੜ
ਬਰੈਂਪਟਨ ਦੇ ਏਰੀਆ ਤੋਂ ਫਾਰਮ ਵਿਚ ਕੰਮ ਕਰਨ ਲਈ ਆਦਮੀਆਂ ਅਤੇ ਔਰਤਾਂ ਦੀ ਲੋੜ ਹੈ। ਇਸ ਤੋਂ ਇਲਾਵਾ ਫੈਕਟਰੀ ਵਿਚ ਪੈਕਿੰਗ ਕਰਨ ਲਈ ਕਾਮਿਆਂ ਦੀ ਵੀ ਲੋੜ ਹੈ। ਮੁਫ਼ਤ ਰਾਈਡ ਦਿੱਤੀ ਜਾਵੇਗੀ ਤੇ ਵਧੀਆ ਪੇਅ ਕੀਤਾ ਜਾਵੇਗਾ। ਹਫ਼ਤੇ ਦੇ ਛੇ ਦਿਨ ਕੰਮ ਮਿਲੇਗਾ।
ਸੰਪਰਕ: 647 765 4145

MARVES HARDWOOD FLOORING
Services:
Fence - Hardwood Flooring
Stairs - Small Renovation
John
416-787-6551

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

GREAT OPPOURTUNITY TO INVEST IN NIAGRA FALLS
- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
40k Deposit Structure: $10,000 Submitted with offer; $10,000 Submitted 90 days after Offer Date; $20,000 Submitted 150 days after Offer Date
Jagdish Grewal, Sales Representative
Residential | Commercial | Investment
(416) 970-5005
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348
Century 21 President Realty Inc. Brokerage

BEST CANADIAN TRUCK & FORKLIFT TRAINING CENTRE
Registered as a Private Career College Under the Private Career College Act, 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਕੈਨੇਡੀਅਨ ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## 'ਕਾਲਿੰਗਵੁੱਡ ਹਾਫ਼ ਮੈਰਾਥਨ ਵਰਚੂਅਲ ਰੇਸ' ਸੰਜੂ ਗੁਪਤਾ ਨੇ ਚਿੰਗੂਆਕੂਜ਼ੀ ਪਾਰਕ ਵਿਚ 21 ਕਿਲੋਮੀਟਰ ਦੌੜ ਕੇ ਪੂਰੀ ਕੀਤੀ



ਬਰੈਂਪਟਨ, (ਡਾ. ਝੰਡ) -ਕਰੋਨਾ ਦੇ ਪ੍ਰਕੋਪ ਕਾਰਨ ਅੱਜਕੱਲ੍ਹ ਦੌੜਾਂ ਅਤੇ ਹੋਰ ਸਾਹਿਤਕ ਤੇ ਸਮਾਜਿਕ ਸਰਗ਼ਰਮੀਆਂ ਵਰਚੂਅਲ ਰੂਪ ਵਿਚ ਹੀ ਕਰਵਾਈਆਂ ਜਾ ਰਹੀਆਂ ਹਨ। 2013 ਵਿਚ ਸ਼ੁਰੂ ਕੀਤੀ ਗਈ 'ਕਾਲਿੰਗਵੁੱਡ ਹਾਫ਼ ਮੈਰਾਥਨ ਰੇਸ' ਪਿਛਲੇ ਅੱਠ ਸਾਲ ਤੋਂ ਲਗਾਤਾਰ ਕਰਵਾਈ ਜਾ ਰਹੀ ਇਹ ਦੌੜ ਇਸ ਵਾਰ ਵਰਚੂਅਲ ਰੂਪ ਵਿਚ ਹੀ ਕਰਵਾਈ ਗਈ। ਇਸ ਵਿਚ ਸ਼ਾਮਲ ਹੋਣ ਵਾਲੇ ਦੌੜਾਕਾਂ ਨੇ ਆਪੋ-ਆਪਣੇ ਸ਼ਹਿਰਾਂ ਤੇ ਕਸਬਿਆਂ ਵਿਚ ਇਹ ਰੇਸ ਵਰਚੂਅਲ ਰੂਪ ਲਗਾ ਕੇ ਇਸ ਵਿਚ ਆਪਣਾ ਯੋਗਦਾਨ ਪਾਇਆ। ਜ਼ਿਕਰਯੋਗ ਹੈ ਕਿ ਇਸ ਰੇਸ ਦਾ ਸੰਚਾਲਕ ਕਾਲਿੰਗਵੁੱਡ ਪੋਲੀਸ ਦਾ ਇਕ ਸਾਬਕਾ ਪੋਲੀਸ ਅਫ਼ਸਰ ਹੈ ਅਤੇ ਉਹ ਇਕੱਲਾ ਹੀ ਆਪਣੇ ਤੌਰ 'ਤੇ ਇਸ ਈਵੈਂਟ ਦਾ ਆਯੋਜਨ ਕਰਦਾ ਹੈ।

ਲੰਘੇ ਐਤਵਾਰ 27 ਸਤੰਬਰ ਨੂੰ ਸੰਜੂ ਗੁਪਤਾ ਨੇ ਸਥਾਨਕ ਚਿੰਗੁਆਕੂਜ਼ੀ ਪਾਰਕ ਵਿਚ 22 ਕਿਲੋਮੀਟਰ ਦੌੜ ਕੇ ਇਸ ਮਾਣਮੱਤੀ ਰੇਸ ਵਿਚ ਵਰਚੂਅਲ-ਰੇਸਰ ਵਜੋਂ ਆਪਣਾ ਹਿੱਸਾ ਪਾਇਆ। ਜ਼ਿਕਰਯੋਗ ਹੈ ਕਿ ਉਹ ਪਿਛਲੇ ਸੱਤ ਸਾਲ ਤੋਂ ਕਾਲਿੰਗਵੁੱਡ ਸ਼ਹਿਰ ਜਾ ਕੇ ਇਸ ਵਿਚ ਭਾਗ ਲੈਂਦਾ ਰਿਹਾ ਹੈ ਅਤੇ ਇਸ ਵਾਰ ਸਮੇਂ ਅਤੇ ਸਥਿਤੀਆਂ ਨੂੰ ਮੁੱਖ ਰੱਖ ਕੇ ਉਹ ਇਸ ਵਿਚ ਵਰਚੁਅਲ ਰੂਪ ਵਿਚ ਸ਼ਾਮਲ ਹੋਇਆ।

ਇਸ ਦੌੜ ਦੇ ਦੌਰਾਨ ਸੰਜੂ ਗੁਪਤਾ ਯਾਦ ਕਰ ਰਿਹਾ ਸੀ ਕਿ ਕਿਵੇਂ ਪਿਛਲੇ ਸਾਲਾਂ ਵਿਚ ਉਹ ਤੜਕੇ ਚਾਰ ਵਜੇ ਉੱਠ ਕੇ ਸਵੇਰੇ ਪੰਜ ਵਜੇ ਤੱਕ ਤਿਆਰ ਹੋ ਕੇ ਆਪਣੀ ਕਾਰ ਵਿਚ ਕਾਲਿੰਗਵੁੱਡ ਨੂੰ ਚੱਲ ਪੈਂਦਾ ਸੀ ਅਤੇ ਹਰ ਹਾਲਤ ਵਿਚ ਸੱਤ ਵਜੇ ਉੱਥੇ ਪਹੁੰਚ ਜਾਂਦਾ ਸੀ ਤਾਂ ਜੋ ਉਹ 8.00 ਵਜੇ ਸ਼ੁਰੂ ਹੋਣ ਵਾਲੀ ਇਸ ਦੌੜ ਵਿਚ ਸਮੇਂ ਸਿਰ ਸ਼ਾਮਲ ਹੋ ਸਕੇ। ਉਹ ਉਸ ਮਾਲਕ ਪ੍ਰਮਾਤਮਾ ਅੱਗੇ ਅਰਦਾਸ ਵੀ ਕਰ ਰਿਹਾ ਸੀ ਕਿ ਕਰੋਨਾ ਮਹਾਂਮਾਰੀ ਦਾ ਜਲਦੀ ਤੋਂ ਜਲਦੀ ਖ਼ਾਤਮਾ ਹੋਵੇ ਅਤੇ ਉਹ ਅਗਲੇ ਸਾਲ ਰੇਸ ਦੇ ਇਸ ਮਹਾਨ ਈਵੈਂਟ ਵਿਚ ਅਸਲੀ ਰੂਪ ਵਿਚ ਦੌੜ ਕੇ ਆਪਣੀ ਹਾਜ਼ਰੀ ਲਵਾ ਸਕੇ।

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell: 416-587-5520
Email: iqbalmahal46@gmail.com
Natasha Mahal, Co-Host
Iqbal Mahal, Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਜਾਗੋ ਵਿੱਚੋਂ ਤੇਲ ਮੁੱਕਿਆ..

-ਰਵਿੰਦਰ ਸਿੰਘ ਧਾਲੀਵਾਲ

ਪੰਜਾਬੀ ਜੀਵਨ ਚਾਵਾਂ-ਮਲਾਰਾਂ ਨਾਲ ਭਰਪੂਰ ਹੈ। ਇਹ ਹਰ ਖ਼ੁਸ਼ੀ ਨੂੰ ਬੜੇ ਉਤਸ਼ਾਹ ਨਾਲ ਮਨਾਉਂਦੇ ਹਨ। ਇਸੇ ਲਈ ਪੰਜਾਬੀ ਸੱਭਿਆਚਾਰ ਸੰਸਾਰ ਵਿਚ ਖ਼ਾਸ ਸਥਾਨ ਰੱਖਦਾ ਹੈ। ਸੱਭਿਆਚਾਰ ਕੌਮ ਦਾ ਉਹ ਅਕਸ ਹੁੰਦਾ ਹੈ, ਜਿਸ ਤੋਂ ਉਸ ਦੀ ਤਸਵੀਰ ਝਲਕਦੀ ਹੈ। ਇਸ ਰਾਹੀਂ ਮਨ ਦੇ ਚਾਅ ਤੇ ਖ਼ੁਸ਼ੀਆਂ ਦਾ ਪ੍ਰਗਟਾਵਾ ਕਰਨ ਲਈ ਵੰਨਗੀਆਂ ਤੇ ਤਰੀਕੇ ਦਰਸਾਏ ਹੁੰਦੇ ਹਨ। ਵਿਆਹ ਇਕ ਵਡੇਰੀ ਰਸਮ ਹੈ, ਜਿਸ ਵਿਚ ਅਨੇਕਾਂ ਹੋਰ ਛੋਟੀਆਂ, ਪਰ ਮਹੱਤਵ ਪੂਰਨ ਰਸਮਾਂ ਸਮਾਈਆਂ ਹਨ। ਉਨ੍ਹਾਂ ਵਿੱਚੋਂ ਇੱਕ ਹੈ 'ਜਾਗੋ', ਜਿਹੜੀ ਮੁੱਖ ਤੌਰ ਉੱਤੇ ਨਾਨਕਿਆਂ ਵੱਲੋਂ ਨਿਭਾਈ ਜਾਂਦੀ ਹੈ। ਵਿਆਹ ਵਾਲੇ ਘਰ ਬਰਾਤ ਤੋਂ ਪਹਿਲੀ ਰਾਤ ਨੂੰ ਨਾਨਕਾ ਮੇਲ ਵਲਟੋਹੀ, ਗਾਗਰ ਜਾਂ ਘੜੇ ਦੇ ਦੁਆਲੇ ਗਿੱਲੇ ਆਟੇ ਨਾਲ ਦੀਵੇ ਚਿਣ ਕੇ ਵਿਚਕਾਰ ਚਹੁੰ-ਮੁਖੀ ਦੀਵੇ ਨਾਲ ਸਜਾਉਂਦੇ ਤੇ ਖਾਲੀ ਜਾਗੋ ਗਾਗਰ ਵਿਚ ਪਾਣੀ ਭਰ ਕੇ ਪਿੰਡ ਵਿਚ ਫੇਰਿਆ ਜਾਂਦਾ ਹੈ। ਸਦੀਆਂ ਤੋਂ ਪਾਣੀ ਤੇ ਚਾਨਣ ਨੂੰ ਜੀਵਨ ਦਾ ਆਧਾਰ ਮੰਨਣ ਦੀ ਰੀਤ ਹੈ। ਜਾਗੋ ਨਾਲ ਮਿਥਾਂ ਵੀ ਜੁੜੀਆਂ ਹੋਈਆਂ ਹਨ ਕਿ ਜਿੱਥੋਂ ਲਟ-ਲਟ ਬਲਦੀ ਜਾਗੋ ਲੰਘ ਜਾਵੇ, ਉਸ ਦੀ ਰੌਸ਼ਨੀ ਕਾਰਨ ਬਦਰੂਹਾਂ ਪਿੰਡ ਦੀ ਜੂਹ ਵਿੱਚ ਨਹੀਂ ਵੜਦੀਆਂ। ਪੁਰਾਣੇ ਸਮੇਂ ਵਿੱਚ ਲੋਕ ਇਸ ਨੂੰ ਸ਼ਗਨ ਬਿੰਨ੍ਹਣ ਦਾ ਟੂਣਾ ਮੰਨਦੇ ਸਨ, ਵਿਆਹ ਦੇ ਸਾਰੇ ਕਾਰ ਵਿਹਾਰ ਨਿਰਵਿਘਨ ਹੋਣ ਦਾ ਵਿਸ਼ਵਾਸ ਵੀ। ਇਸ ਕਾਰਨ ਜਾਗੋ ਫੇਰਨ ਜਾਂ ਕੱਢਣ ਨੂੰ ਖ਼ਾਸ ਅਹਿਮੀਅਤ ਦਿੱਤੀ ਜਾਂਦੀ ਸੀ।

ਨਾਨਕਾ ਮੇਲ ਸ਼ਾਮ ਢਲਦਿਆਂ ਸਾਰ ਜਾਗੋ ਦੀਆਂ ਤਿਆਰੀਆਂ ਲਈ ਤਤਪਰ ਰਹਿੰਦਾ ਸੀ। ਘਿਓ ਜਾਂ ਤੇਲ ਦੇ ਦੀਵੇ ਸਲੀਕੇ ਨਾਲ ਲਾਉਣ ਤੇ ਆਪਣੇ ਆਪ ਨੂੰ ਸਜਾਉਣ ਲਈ ਖ਼ਾਸ ਕਰ ਮਾਮੀਆਂ ਮਸ਼ਰੂਫ ਹੋ ਜਾਂਦੀਆਂ। ਸੂਫ ਜਾਂ ਸਾਟਨ ਦੇ ਘੱਗਰੇ, ਫੁਲਕਾਰੀ, ਗੋਟੇ ਵਾਲੀਆਂ ਚੁੰਨੀਆਂ ਫੁੰਦਿਆਂ ਨਾਲ ਸਜੀਆਂ ਕੁੜਤੀਆਂ, ਪਿੱਪਲ ਪੱਤੀਆਂ, ਸੱਗੀ ਫੁੱਲ, ਸੁਹਾਗ ਪੱਟੀ ਅਤੇ ਮਾਂਗ ਟਿੱਕੇ ਨਾਲ ਫੱਬੀਆਂ ਮੇਲਣਾਂ ਜਾਗੋ ਦੇ ਚਾਨਣ ਨੂੰ ਵੀ ਹੋਰ ਦੂਣਾ ਕਰ ਦਿੰਦੀਆਂ। ਇਸ ਕਾਰਜ ਦੇ ਕਰਤਾ ਧਰਤਾ ਨਾਨਕੇ ਹੁੰਦੇ ਹਨ। ਪਿੰਡ ਵਿੱਚ ਪਹਿਲਾਂ ਹੀ ਜਾਗੋ ਦਾ ਸੱਦਾ ਲਾਗੀ ਘਰਾਂ ਵਿੱਚ ਦੇ ਦਿੰਦਾ ਤਾਂ ਜੋ ਲੋਕ ਆਪਣਾ ਕੰਮ ਧੰਦਾ ਸਮੇਟ ਕੇ ਜਾਗੋ ਵਿੱਚ ਸ਼ਾਮਲ ਹੋ ਸਕਣ। ਦੀਵਿਆਂ ਨਾਲ ਸਜੀ ਜਾਗੋ ਵਿੱਚ ਵਿਆਹ ਵਾਲੇ ਮੁੰਡੇ ਜਾਂ ਕੁੜੀ ਦੀ ਮਾਤਾ ਤੇਲ ਪਾ ਕੇ ਜਾਗੋ ਚੁਕਾਉਣ ਦਾ ਸ਼ਗਨ ਕਰਦੀ। ਫਿਰ ਮਾਸੀਆਂ, ਮਾਮੀਆਂ, ਚਾਚੀਆਂ, ਭਾਬੀਆਂ ਸਿਰ 'ਤੇ ਵਾਰੋ-ਵਾਰੀ ਜਾਗੋ ਚੁੱਕ ਗੇੜਾ ਦਿੰਦੀਆਂ। ਸਿੱਠਣੀਆਂ, ਬੋਲੀਆਂ ਤੇ ਗੀਤਾਂ ਨਾਲ ਇਕ ਦੂਜੇ 'ਤੇ ਨਿਹੋਰੇ ਕੱਸਦੀਆਂ। ਜਾਗੋ ਦੀ ਰਖਵਾਲੀ ਲਈ ਇਕ ਘੁਗਰੂਆਂ ਵਾਲੀ ਡਾਂਗ ਜਾਂ ਸੋਟਾ ਨਾਲ ਲੈ ਕੇ ਚੱਲਣ ਦਾ ਰਿਵਾਜ ਵੀ ਪ੍ਰਚੱਲਤ ਹੈ। ਜਾਗੋ ਵਿਚ ਵੱਡੀ ਮਾਮੀ ਦੀ ਪੂਰੀ ਟੌਹਰ ਹੁੰਦੀ ਹੈ, ਜੋ ਜੋਸ਼ੀਲੇ ਅੰਦਾਜ਼ ਵਿਚ ਬੋਲੀ ਪਾ ਪਿੰਡ ਵਾਲਿਆਂ ਨੂੰ ਆਪਣੀ ਦਸਤਕ ਲਈ ਆਗਾਹ ਕਰਦੀ ਹੈ:

ਸਾਰੇ ਪਿੰਡ 'ਚ ਫੇਰਨੀ ਜਾਗੋ
ਵਿਆਹ ਸਾਡੇ ਅਨੰਤ ਸਿੰਘ ਦਾ

ਜਾਗੋ ਆਪਸੀ ਮੇਲ ਜੋਲ ਤੇ ਖ਼ੁਸ਼ੀਆਂ ਦਾ ਪ੍ਰਤੀਕ ਹੈ। ਪਹਿਲਾਂ ਤਾਏ ਚਾਚੇ ਦੇ ਘਰਾਂ ਵਿੱਚ ਫੇਰਾ ਪਾਇਆ ਜਾਂਦਾ ਹੈ। ਤਾਂ ਕਿ ਸ਼ਰੀਕੇ ਦੀ ਸਾਂਝ ਤੇ ਪਿਆਰ ਬਣੇ ਰਹਿਣ। ਉਹ ਵੀ ਅੱਗੇ ਵਧ ਕੇ ਤੇਲ, ਸ਼ਗਨ ਤੇ ਨਾਨਕਿਆਂ ਦੀ ਆਓ ਭਗਤ ਦਾ ਉਚੇਚਾ ਪ੍ਰਬੰਧ ਕਰਦੇ ਹਨ। ਉਥੋਂ ਮੇਲਣਾਂ ਗਿੱਧੇ ਦਾ ਆਗਾਜ਼ ਕਰਕੇ ਬੋਲੀਆਂ ਪਾਉਂਦੀਆਂ ਹਨ:

ਜਾਗਮੋਹਨ ਜੋਰੂ ਜਗਾ ਲੈ ਵੇ,
ਹੁਣ ਜਾਗੋ ਆਈ ਆ
ਸ਼ਾਵਾ ਬਈ, ਹੁਣ ਜਾਗੋ ਆਈ ਆ।
ਰੁੱਸੀ ਤਾਂ ਮਨਾ ਲੈ ਵੇ,
ਸੋਨ ਚਿੜੀ ਗਲ ਲਾ ਲੈ ਵੇ
ਹੁਣ ਜਾਗੋ ਆਈ ਆ, ਸ਼ਾਵਾ ਬਈ..

ਪੁਰਾਣੇ ਸਮੇਂ ਵਿਚ ਲੋਕ ਜਾਗੋ ਨੂੰ ਸਾਂਝੀ ਰਸਮ ਮੰਨਦੇ ਸਨ। ਮੇਲ ਪਿੰਡ ਦੇ ਕਿਸੇ ਵੀ ਘਰ ਵਿਚ ਚਲਾ ਜਾਂਦਾ। ਲੋਕ ਖਿੜੇ ਮੱਥੇ ਸਵਾਗਤ ਕਰਦੇ। ਮੌਜੂਦਾ ਦੌਰ ਵਿਚ ਇਹ ਸਾਂਝ ਦਾ ਘੇਰਾ ਸੁੰਗੜਦਾ ਜਾ ਰਿਹਾ ਹੈ। ਫਿਰ ਵੀ ਨਾਨਕੇ ਮੱਲੇ ਜ਼ੋਰੀ ਸ਼ਗਨ ਜਾਂ ਤੇਲ ਪਵਾਉਣੋਂ ਨਹੀਂ ਟਲਦੇ, ਬੋਲੀਆਂ ਪਾ ਕੇ ਰਸਮਾਂ ਪੂਰੀਆਂ ਕਰਵਾਉਂਦੇ ਹਨ:

ਤੇਲ ਪਾਉਣਗੇ ਨਸੀਬਾਂ ਵਾਲੇ
ਬਈ ਜਾਗੋ ਵਿੱਚੋਂ ਤੇਲ ਮੁੱਕਿਆ

ਨਾਨਕਾ ਮੇਲ ਪਿੰਡ ਦੇ ਮੋਹਤਬਰ ਨੂੰ ਵੀ ਜਾਗੋ ਵਿਚ ਸ਼ਾਮਲ ਕਰਦਾ ਹੈ ਤਾਂ ਜੋ ਕਿਸੇ ਵੀ ਨਾਰਾਜ਼ਗੀ ਦਾ ਉਲਾਂਭਾ ਨਾ ਰਹੇ। ਜਦੋਂ ਮੇਲਣਾਂ ਦਾ ਜੋਸ਼ ਚਰਮ ਸੀਮਾ 'ਤੇ ਪਹੁੰਚਦਾ, ਔਰਤਾਂ ਵਿੱਚੋਂ ਇੱਕ ਸਿਰ 'ਤੇ ਪਰਨਾ ਲਪੇਟ ਠਾਣੇਦਾਰੀ ਰੋਅਬ ਨਾਲ ਘਰ ਜਾ ਕੇ ਜਾਂ ਅੱਗੋਂ ਲੰਘਦਿਆਂ ਖ਼ੁਸ਼ੀ ਦਾ ਪ੍ਰਗਟਾਵਾ ਕਰ ਕੇ ਬੇਬਾਕ ਬੋਲੀਆਂ ਪਾ ਤਾੜਨਾ ਕਰਨੋਂ ਝਿਜਕਦੀ:

ਇਸ ਪਿੰਡ ਦੇ ਪੰਚੋ ਵੇ, ਸਰਪੰਚੋ ਵੇ, ਲੰਬੜਦਾਰੋ
ਵੇ ਮੇਲ ਆਇਆ ਹਰਮੇਲ ਸਿਹੁੰ ਕੇ
ਜਰਾ ਬਚ ਕੇ ਪਾਸੇ ਦੀ ਲੰਘ ਜਾਇਓ
ਵੇ ਮੇਲ ਆਇਆ ਹਰਮੇਲ ਸਿਹੁੰ ਕੇ

ਜਾਗੋ ਵਾਲੇ ਮੇਲ ਦਾ ਪਿੰਡ ਦੇ ਕਿਸੇ ਵੀ ਵਿਅਕਤੀ ਵੱਲੋਂ ਕੋਈ ਰੋਕ ਟੋਕ ਜਾਂ ਗੁੱਸਾ ਨਹੀਂ ਕੀਤਾ ਜਾਂਦਾ ਸੀ। ਰਾਤ ਨੂੰ ਰਸਤੇ ਵਿਚ ਸੁੱਤੇ ਪਏ ਲੋਕਾਂ ਦੇ ਮੰਜੇ ਮੂਧੇ ਮਾਰਨੇ ਜਾਂ ਪਰਨਾਲੇ ਭੰਨਣਾ ਵੀ ਇਸੇ ਖਰਮਸਤੀ ਦਾ ਹਿਸਾ ਮੰਨਦੇ। ਇੱਥੋਂ ਤੱਕ ਨੇੜਲੇ ਸ਼ਰੀਕਾਂ ਦੇ ਚੁੱਲ੍ਹੇ ਅਤੇ ਹਾਰੇ ਵੀ ਭੰਨ ਦਿੰਦੇ। ਆਧੁਨਿਕ ਜ਼ਮਾਨੇ ਵਿਚ ਇਹ ਨਜ਼ਾਰੇ ਬੀਤੇ ਸਮੇਂ ਦੀਆਂ ਗੱਲਾਂ ਰਹਿ ਗਈਆਂ। ਪੁਰਾਣੇ ਸਮੇਂ ਵਿੱਚ ਜ਼ਮੀਨ-ਜਾਇਦਾਦ ਦੀ ਵੰਡ ਨੂੰ ਘਟਾਉਣ ਲਈ ਪਰਵਾਰਾਂ ਵਿੱਚ ਛੜੇ ਵਿਅਕਤੀ ਜ਼ਰੂਰ ਹੁੰਦੇ ਸਨ। ਮੇਲਣਾਂ ਬੜੇ ਚਾਅ ਨਾਲ ਹਾਸਾ-ਠੱਠਾ ਕਰ ਖ਼ੂਬ ਰੌਣਕਾਂ ਲਗਾਉਂਦੀਆਂ।

ਜਾਗੋ ਦਾ ਗੇੜੇ ਘੁੰਮਦੇ ਹੋਏ ਜਦੋਂ ਹੱਟੀ ਵਾਲੇ ਦੇ ਘਰ ਜਾਂਦਾ ਤਾਂ ਉਸ ਨੂੰ ਦੁਕਾਨ ਖੁੱਲ੍ਹਾ ਖਾਣ ਦਾ ਸਾਮਾਨ ਖ਼ਰੀਦਣ ਦੀਆਂ ਮਸ਼ਕਰੀਆਂ ਤੇ ਨਾਲੋਂ ਨਾਲ ਰਿਓੜੀਆਂ ਪਕੌੜੀਆਂ ਵੰਡਣ ਲਈ ਤਾਕੀਦ ਕਰਦੇ। ਜਦੋਂ ਪੈਰੀਂ ਛਣਕਦੀਆਂ ਝਾਂਜਰਾਂ ਤੇ ਤਾੜੀਆਂ ਦੀ ਗੂੰਜ ਨਾਲ ਮਿੱਠੀ ਧਮਕੀ ਨੁਮਾ ਬੋਲੀ ਪੈਂਦੀ ਤਾਂ ਇਸ ਮਾਹੌਲ ਨੂੰ ਹੋਰ ਵੀ ਸਲੂਣਾ ਬਣਾ ਦਿੰਦੀਆਂ।

ਜਾਗੋ ਵਾਲੀਆਂ ਪਿੰਡ ਦੇ ਗੇੜੇ ਪਿੱਛੋਂ ਵਾਪਸ ਘਰ ਪਹੁੰਚਦੀਆਂ ਤਾਂ ਗਿੱਧੇ ਦੀਆਂ ਧਮਕਾਂ ਤੇ ਬੋਲੀਆਂ ਨਾਲ ਆਪਸੀ ਨੋਕ-ਝੋਕ ਹਾਸਾ ਮਜ਼ਾਕ ਕਰਦਿਆਂ ਛੱਜ ਕੁੱਟਿਆ ਜਾਂਦਾ। ਸਭ ਸਕੇ ਸਬੰਧੀਆਂ ਨੂੰ ਮਘਦੇ ਪਿੜ ਵਿੱਚ ਮੌਕਾ ਮਿਲਦਾ। ਉਹ ਬੋਲੀਆਂ ਰਾਹੀਂ ਆਪਣੇ ਮਨ ਦੀ ਭਾਵਨਾ ਜ਼ਾਹਰ ਕਰਦੇ। ਖ਼ੁਸ਼ੀ ਦੇ ਮੌਕੇ ਕੋਈ ਗਿਲਾ-ਸ਼ਿਕਵਾ ਵੀ ਨਹੀਂ ਕਰਦਾ। ਡੰਡੇ ਨਾਲ ਛੱਜ ਤੀਲ੍ਹਾ ਤੀਲ੍ਹਾ ਕਰ ਕੇ ਨਾਨਕਿਆਂ ਵੱਲੋਂ ਬੋਲੀਆਂ ਦੀ ਸ਼ੁਰੂਆਤ ਹੁੰਦੀ ਹੈ:

ਜਾਗੋ ਨਾਨਕਿਆਂ ਦੀ ਆਈ,
ਨੀਂ ਬੀਬੀ ਦੀਵਾ ਜਗਾ
ਜਾਵੇ ਗਲੀ-ਗਲੀ ਰੁਸ਼ਨਾਈ,
ਨੀਂ ਬੀਬੀ ਦੀਵਾ ਜਗਾ
ਦੀਵਾ ਜਦੋਂ ਜਗਾ ਕੇ ਧਰਿਆ,
ਵਿਹੜਾ ਰੌਸ਼ਨੀ ਦੇ ਨਾਲ ਭਰਿਆ
ਦੂਜਾ ਚੰਨ ਕਿੱਥੋਂ ਆ ਚੜ੍ਹਿਆ,
ਨੀਂ ਬੀਬੀ ਦੀਵਾ ਜਗਾ
ਤੈਨੂੰ ਕਹੇ ਤੇਰੀ ਭਰਜਾਈ,
ਨੀਂ ਬੀਬੀ ਦੀਵਾ ਜਗਾ

ਜਾਗੋ ਸਮੇਂ ਭਾਬੀ ਛੋਟੇ ਦਿਓਰ ਦੀ ਅਪਣੱਤ ਕਰਦੀ ਹੈ। ਛੋਟੇ ਦਿਓਰ ਵੱਡੀ ਭਾਬੀ ਨੂੰ ਮਾਂ ਦੇ ਬਰਾਬਰ ਸਤਿਕਾਰ ਦਿੰਦੇ ਹਨ। ਵਿਆਹ ਦਾ ਚਾਅ ਬੋਲੀ ਰਾਹੀਂ ਦੱਸਦੀ ਹੈ। ਉਸ ਲਈ ਪਿਆਰ ਤੇ ਦੁਲਾਰ ਆਪਣੀ ਔਲਾਦ ਵਾਂਗ ਆਪ ਮੁਹਰੇ ਉਲਰਦਾ ਹੈ:

ਨਿੱਕਾ ਦਿਓਰ ਹੈ ਪੁੱਤਾਂ ਵਰਗਾ
ਹੱਥੀਂ ਆਪ ਵਿਆਹਵਾਂ
ਚੰਨ ਜਿਹੇ ਦਿਓਰ ਲਈ
ਚਾਨਣੀ ਲੈ ਕੇ ਆਵਾਂ

ਜਿੱਥੇ ਇਹ ਸਮਾਂ ਅਪਣੱਤ ਦਿਖਾਉਣ ਦਾ ਮੌਕਾ ਦਿੰਦਾ, ਉਥੇ ਹੀ ਸਾਂਝੇ ਪਰਵਾਰਾਂ ਵਿਚ ਜੇਠ ਜਠਾਣੀ ਦੀ ਪ੍ਰਧਾਨਗੀ ਵਾਲੀ ਰੜਕਦੀ ਭੜਾਸ ਕੱਢਣ ਦਾ ਮੌਕਾ ਵੀ ਪ੍ਰਦਾਨ ਕਰਦਾ ਹੈ। ਜਦੋਂ ਕੋਈ ਭਰੀ ਪੀਤੀ ਦਰਾਣੀ ਹਾਸੇ ਮਜ਼ਾਕ ਵਿਚ ਹੇਕਾਂ ਲਾ ਕੇ ਢੁਕਵੀਂ ਬੋਲੀ ਪਾਉਂਦੀ ਹੈ ਤਾਂ ਚਾਰੇ ਪਾਸੇ ਹਾਸੇ ਦੀਆਂ ਫੁਹਾਰਾਂ ਫੁੱਟਦੀਆਂ ਹਨ:

ਜੇਠ ਜਠਾਣੀ ਪਾਇਆ ਚੁਬਾਰਾ,
ਮੈਂ ਢੋਂਹਦੀ ਸੀ ਪਾਣੀ
ਮੇਰੀ ਹਾਅ ਲੱਗਜੂ,
ਉਪਰੋਂ ਡਿੱਗੂ ਜਠਾਣੀ

ਜਾਗੋ ਵਿੱਚ ਨਾਨਕਿਆਂ-ਦਾਦਕਿਆਂ ਦਾ ਆਪਸੀ ਮੁਕਾਬਲਾ ਵੀ ਚੱਲਦਾ ਹੈ। ਮਾਮੀਆਂ ਥੱਕੇ ਦਾਦਕਿਆਂ ਨੂੰ ਬੋਲੀਆਂ ਰਾਹੀਂ ਖਿਚਾਈ ਕਰਕੇ ਗਿੱਧਾ ਮਘਾਉਂਦੀਆਂ ਹਨ। ਉਂਜ ਇਹੋ ਜਿਹੇ ਮੁਕਾਬਲੇ ਦਾ ਮਕਸਦ ਕਿਸੇ ਨੂੰ ਨੀਂਵਾ ਦਿਖਾਉਣਾ ਜਾਂ ਹਰਾਉਣਾ ਨਹੀਂ, ਸਗੋਂ ਪਿੜ ਦੀ ਲੈਅ ਨੂੰ ਬਰਕਰਾਰ ਰੱਖਣਾ ਹੁੰਦਾ ਹੈ:

ਸੁਣੋ ਵੇ ਦਾਦਕਿਓ ਨੱਚਣ ਵਾਲਿਓ
ਕੀ ਮੂੰਹ ਵਿੱਚ ਪਈ ਮਲੱਠੀ
ਗਿੱਧੇ ਵਿੱਚ ਪਾ ਲਓ ਬੋਲੀਆਂ
ਕੇਹੀ ਏ ਚੁੱਪ ਵੱਟੀ

ਅੱਧੀ ਰਾਤ ਤੱਕ ਚੱਲਦੇ ਇਨ੍ਹਾਂ ਜਸ਼ਨਾਂ ਨੂੰ ਥੰਮ੍ਹਣ ਲਈ ਮੁੰਡੇ ਜਾਂ ਕੁੜੀ ਦੀ ਮਾਤਾ ਨਾਨਕਿਆਂ ਨੂੰ ਸੁਵਖਤੇ ਬਰਾਤ ਦੀ ਤਿਆਰੀ ਲਈ ਅਰਜ਼ੋਈ ਕਰਕੇ ਸਮਾਪਤੀ ਕਰਾਉਂਦੀ। ਮਾਮੀ ਦਾ ਮੂੰਹ ਮਿੱਠਾ ਕਰਾਇਆ ਜਾਂਦਾ ਹੈ। ਪੱਲੇ ਵਿੱਚ ਲੱਡੂ ਅਤੇ ਸ਼ਗਨ ਪਾ ਕੇ ਜਾਗੋ ਸਿਰ ਤੋਂ ਉਤਾਰਦੇ। ਉਧਰੋਂ ਮਾਮੀ ਅਗਲੇ ਵਿਆਹ 'ਤੇ ਆਉਣ ਦੀ ਕਾਮਨਾ ਨਾਲ ਬੋਲੀ ਪਾ ਕੇ ਜਾਗੋ ਵਾਲੀ ਰਸਮ ਦੀ ਸਮਾਪਤੀ ਕਰਦੀ ਹੈ:


ਫੇਰ ਆਵਾਂਗੇ ਅਸੀਂ ਫੇਰ ਆਵਾਂਗੇ,
ਰੱਖੀਂ ਕੁਬੇਰ ਦਾ ਵਿਆਹ
ਅਸੀਂ ਫੇਰ ਆਵਾਂਗੇ,
ਸਾਨੂੰ ਗੋਡੇ ਗੋਡੇ ਚਾਅ,
ਅਸੀਂ ਫੇਰ ਆਵਾਂਗੇ
ਸਾਨੂੰ ਭੁੰਜੇ ਸਵਾਇਆ,
ਮੰਜੇ ਨਾਲ ਲਿਆਵਾਂਗੇ,
ਅਸੀਂ ਫੇਰ ਆਵਾਂਗੇ।

ਅਜੋਕੇ ਸਮੇਂ ਦੀ ਪੀੜ੍ਹੀ ਇਸ ਆਨੰਦਮਈ ਸੰਗੀਤਕ ਤੇ ਰਿਸ਼ਤੇਦਾਰੀਆਂ ਦੇ ਮੋਹ ਤੋਂ ਅਭਿੱਜ ਹੈ। ਅੱਜਕੱਲ੍ਹ ਜਾਗੋ ਕੱਢਣ ਦੇ ਸਮੇਂ ਨਾਲੋਂ ਘੱਟ ਸਮੇਂ ਵਿੱਚ ਵਿਆਹ ਹੋ ਜਾਂਦਾ ਹੈ। ਰੇਡੀਮੇਡ ਜਾਗੋ ਵਿੱਚ ਵੱਜਦੇ ਮੁੰਨੀ ਬਦਨਾਮ ਹੁਈ.. ਅਤੇ ਪੰਜਾਬੀ ਰਫਲਾਂ, ਨਸ਼ੇ, ਲੜਾਈਆਂ ਵਾਲੇ ਹੁੜਦੰਗ ਮਚਾਉਂਦੇ ਗੀਤਾਂ ਨੇ ਸੱਭਿਆਚਾਰ ਦਾ ਘਾਣ ਕਰ ਦਿੱਤਾ ਹੈ। ਜਾਗੋ ਦੀ ਰੀਤ ਨੂੰ ਪੈਲੇਸ ਦੀ ਸਟੇਜ 'ਤੇ ਘੁਮਾ ਕੇ ਮੂਵੀ ਦੇ ਸੀਨ ਪੂਰਾ ਕਰਨ ਦੀ ਖਾਨਾਪੂਰਤੀ ਬਣਾ ਛੱਡਿਆ ਹੈ। ਬਾਕੀ ਕਸਰ ਡੀ ਜੇ ਵਾਲੇ ਕੰਨ ਪਾੜੂ ਸੰਗੀਤ ਨਾਲ ਪੂਰੀ ਕਰ ਦਿੰਦੇ ਹਨ। ਕੀ ਅਸੀਂ ਆਪਣੀ ਅਗਲੀ ਪੀੜ੍ਹੀ ਨੂੰ ਅਜਿਹਾ ਸੱਭਿਆਚਾਰ ਦੇ ਕੇ ਜਾਵਾਂਗੇ? ਪੈਲੇਸ ਕਲਚਰ ਨਾਲ ਆਈ ਸਮਾਜਿਕ ਕਦਰਾਂ ਕੀਮਤਾਂ ਦੀ ਗਿਰਾਵਟ ਕਿਸੇ ਤੋਂ ਛੁਪੀ ਨਹੀਂ। ਕਿਸ ਤਰ੍ਹਾਂ ਜਨਤਾ ਫੋਕੀ ਸ਼ੋਹਰਤ ਦੇ ਬਦਲੇ ਜ਼ਮੀਨਾਂ ਵੇਚ ਜਾਂ ਕਰਜ਼ੇ ਚੁੱਕ ਕੇ ਇਹ ਲੰਬੀਆਂ ਉਮਰਾਂ ਦੇ ਕਾਰਜ ਨੇਪਰੇ ਚਾੜ੍ਹਦੀ ਹੈ। ਇਸ ਦੇ ਭਿਆਨਕ ਨਤੀਜਿਆਂ ਦੇ ਚੱਲਦਿਆਂ ਪੰਜਾਬੀਆਂ ਦੀ ਅਰਥ ਵਿਵਸਥਾ ਲੀਹੋ ਲੱਥੀ ਹੈ। ਉਹ ਨੱਕੋ ਨੱਕ ਡੁੱਬੇ ਕਰਜ਼ੇ ਕਾਰਨ ਖ਼ੁਦਕੁਸ਼ੀਆਂ ਦੇ ਰਾਹ ਪਏ ਹਨ। ਪੜ੍ਹੇ ਲਿਖੇ ਨੌਜਵਾਨਾਂ ਨੂੰ ਸੱਭਿਆਚਾਰ ਤੋਂ ਸਿੱਖਿਆ ਲੈ ਕੇ ਸਾਦੇ ਕਾਰਜ ਕਰਨ ਅਤੇ ਕਰਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਉਮਰਾਂ ਦੇ ਹਮਸਫ਼ਰ ਜ਼ਿੰਦਗੀ ਨੂੰ ਖ਼ੁਸ਼ੀਆਂ ਨਾਲ ਚਹਿਕਦਾ ਰੱਖਣ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224


# ਸ਼੍ਰੋਮਣੀ ਅਕਾਲੀ ਦਲ ਦਾ ਸੰਕਟ

-ਡਾਕਟਰ ਐੱਸ ਪੀ ਸਿੰਘ-

ਪੰਜਾਬ ਮੌਜੂਦਾ ਸਮੇਂ ਗੰਭੀਰ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਇਸ ਸੰਕਟ ਨੂੰ ਭਾਰਤ ਦੇ ਦੂਜੇ ਰਾਜਾਂ ਦੇ ਪੱਧਰ 'ਤੇ ਵਾਚਣ ਦੀ ਥਾਂ ਵੱਖਰੇ ਸੰਦਰਭ ਵਿੱਚ ਦੇਖਣਾ ਜ਼ਰੂਰੀ ਹੈ ਕਿਉਂਕਿ ਪੰਜਾਬ ਦੀ ਰਾਜਨੀਤੀ ਦੂਜੇ ਰਾਜਾਂ ਨਾਲੋਂ ਵੱਖਰਾ ਧਿਆਨ ਮੰਗਦੀ ਹੈ। ਪੰਜਾਬ ਦੀ ਰਾਜਨੀਤੀ ਸਿੱਖ ਜਾਂ ਪੰਥਕ ਰਾਜਨੀਤੀ ਵਜੋਂ ਦੇਖਣੀ ਬਣਦੀ ਹੈ। ਨਿਰਸੰਦੇਹ ਏਥੋਂ ਦੀ ਰਾਜਨੀਤੀ ਵਿੱਚ ਅੱਜ ਨਿਗੂਣਾ ਪ੍ਰਭਾਵ ਰੱਖਣ ਵਾਲੀ ਸ਼੍ਰੋਮਣੀ ਅਕਾਲੀ ਦਲ ਵੱਡੀ ਜਥੇਬੰਦੀ ਦਾ ਸੌ ਸਾਲ ਪਹਿਲਾਂ ਜਨਮ ਹੋਇਆ ਸੀ, ਜੋ ਨਿਰੋਲ ਧਾਰਮਿਕ ਜਥੇਬੰਦੀ ਸੀ, ਜਿਸ ਦਾ ਨਿਸ਼ਾਨਾ ਸਿਰਫ ਸਿੱਖ ਮਸਲਿਆਂ 'ਤੇ ਕੇਂਦਰਿਤ ਹੋ ਕੇ ਕਾਰਜਸ਼ੀਲ ਹੋਣਾ ਸੀ। ਇਸ ਨੇ ਮੁੱਢਲੇ ਪੜਾਅ 'ਤੇ ਹੀ ਪ੍ਰਭਾਵਸ਼ਾਲੀ ਰੂਪ ਧਾਰਨ ਕਰ ਲਿਆ ਤੇ ਸਿੱਖੀ ਦੇ ਹਰਾਵਲ ਦਸਤਿਆਂ ਵਾਲੇ ਆਪਣੇ ਵਿਸ਼ੇਸ਼ ਸਥਾਨ ਨੂੰ ਗ੍ਰਹਿਣ ਕਰ ਲਿਆ। ਇਸ ਦਾ ਕਾਰਨ ਮੂਲ ਸਿੱਖ ਮਸਲਿਆਂ ਨਾਲ ਸਪੱਸ਼ਟ ਤੇ ਪ੍ਰਤੀਬੱਧ ਹੋਣਾ ਸੀ।

ਓਦੋਂ ਇਸ ਦਾ ਧੁਰਾ ਸਿੱਖ ਸੁਧਾਰ ਲਹਿਰ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਸੀ ਜਿਸ ਕਾਰਨ ਬਰਤਾਨਵੀ ਸਰਕਾਰ ਨੇ ਇਸ ਆਮ ਸਿੱਖਾਂ ਦੀ ਜਥੇਬੰਦੀ ਨੂੰ ਪ੍ਰਭਾਵਹੀਣ ਕਰਨ ਲਈ ਚੀਫ ਖਾਲਸਾ ਦੀਵਾਨ, ਦਰਬਾਰ ਸਾਹਿਬ ਦੇ ਪ੍ਰਬੰਧ ਲਈ ਇੱਕ ਵੱਖਰੀ ਕਮੇਟੀ ਦੇ ਰੂਪ ਵਿੱਚ ਜਥੇਬੰਦੀਆਂ ਦਾ ਗਠਨ ਕੀਤਾ, ਪਰ ਗੁਰਦੁਆਰਾ ਸੁਧਾਰ ਲਹਿਰ, ਸਿੰਘ ਸਭਾ ਲਹਿਰ ਅਤੇ ਜੁਝਾਰੂ ਰਣਨੀਤੀ ਕਾਰਨ ਆਮ ਸਿੱਖਾਂ ਵਿੱਚ ਇਸ ਦੀ ਮਕਬੂਲੀਅਤ ਵਧਦੀ ਗਈ ਅਤੇ ਅਕਾਲੀ ਦਲ ਨੇ ਜਥੇਬੰਦਕ ਰੂਪ ਵਿੱਚ ਧਰਮ ਦੇ ਖੇਤਰ ਦੇ ਨਾਲ ਸਿੱਖ ਰਾਜਨੀਤੀ 'ਤੇ ਵੀ ਪ੍ਰਭਾਵ ਸਥਾਪਤ ਕਰਨਾ ਸ਼ੁਰੂ ਕਰ ਦਿੱਤਾ ਅਤੇ ਪੰਜਾਬ ਦੀ ਰਾਜਨੀਤੀ ਵਿੱਚ ਬਰਤਾਨਵੀ ਧਰਮ ਦੇ ਆਧਾਰ 'ਤੇ ਅਨੁਪਾਤ ਦੀ ਨੀਤੀ ਉਤੇ ਚੱਲ ਕੇ ਮੁਸਲਮਾਨਾਂ ਅਤੇ ਹਿੰਦੂਆਂ ਨਾਲ ਸਿੱਖਾਂ ਦੀ ਵੱਖਰੀ ਪਛਾਣ ਸਥਾਪਤ ਕਰ ਕੇ ਵਿਸ਼ੇਸ਼ ਸਥਾਨ ਲਈ ਸੰਘਰਸ਼ ਕਰਨਾ ਆਰੰਭ ਕੀਤਾ। ਮੁੱਢਲੇ ਪੱਧਰ 'ਤੇ ਹੀ ਵੱਡੀਆਂ ਪ੍ਰਾਪਤੀਆਂ ਕਾਰਨ ਇਸ ਨੇ ਪੰਜਾਬ ਦੀ ਰਾਜਨੀਤੀ ਵਿੱਚ ਆਪਣਾ ਦਖਲ ਸਥਾਪਤ ਕੀਤਾ।

ਸ਼੍ਰੋਮਣੀ ਅਕਾਲੀ ਦਲ ਨੇ ਮੁੱਢਲੇ ਪੜਾਅ 'ਤੇ ਹੀ ਸਾਮਰਾਜ ਵਿਰੋਧੀ ਪੈਂਤੜਾ ਅਪਣਾਇਆ ਤੇ ਪੰਜਾਬ ਦੀ ਸਿਆਸਤ ਵਿੱਚ ਜੁਝਾਰੂ ਰੂਪ ਦਿਖਾਉਣਾ ਆਰੰਭ ਕੀਤਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਰਾਜਨੀਤਕ ਸਾਂਝ ਪਾਉਣੀ ਸ਼ੁਰੂ ਕੀਤੀ, ਪਰ ਇਸ ਪ੍ਰਭਾਵ ਵਿੱਚ ਵੀ ਨਿਵੇਕਲੀ ਰਾਜਨੀਤਕੀ ਸੋਚ ਤੇ ਸੁਤੰਤਰ ਰਣਨੀਤੀ ਅਪਣਾਈ ਗਈ। ਇਹ ਕਾਂਗਰਸ ਦੇ ਬਰਤਾਨਵੀ ਸਮਾਜ ਨਾਲ ਸੰਘਰਸ਼ ਦੇ ਭਾਈਵਾਲ ਤਾਂ ਬਣੇ, ਪਰ ਪੰਥਕ ਸੋਚ ਨੂੰ ਹੀ ਰਾਜਨੀਤੀ ਦੇ ਕੇਂਦਰੀ ਧੁਰੇ ਵਜੋਂ ਹਥਿਆਰ ਦੇ ਰੂਪ ਵਿੱਚ ਪ੍ਰਯੋਗ ਵਿੱਚ ਲਿਆਂਦਾ। ਪੰਜਾਬ ਦੀ ਰਾਜਨੀਤੀ ਵਿੱਚ ਇਹ ਵੀ ਵੱਖਰੀ ਸੋਚ ਪ੍ਰਵਾਨ ਕੀਤੀ ਗਈ।

ਸਿੱਖ ਘੱਟਗਿਣਤੀ ਹੋਣ ਦੇ ਬਾਵਜੂਦ ਪੰਜਾਬ ਵਿੱਚ ਪ੍ਰਭਾਵਸ਼ਾਲੀ ਰਾਜਨੀਤਕ ਜਥੇਬੰਦੀ ਵਜੋਂ ਉਭਰੇ ਸਨ, ਜਿਸ ਦੀ ਅਗਵਾਈ ਆਰੰਭਲੇ ਪੜਾਵਾਂ 'ਤੇ ਸ੍ਰ. ਸ਼ੇਰ ਸਿੰਘ, ਸ੍ਰ. ਖੜਕ ਸਿੰਘ ਤੇ ਮਾਸਟਰ ਤਾਰਾ ਸਿੰਘ ਦੇ ਰੂਪ ਵਿੱਚ ਦੇਖੀ ਜਾ ਸਕਦੀ ਹੈ। ਪੰਜਾਬ ਦੀ ਰਾਜਨੀਤੀ ਵਿੱਚ ਵੀਹਵੀਂ ਸਦੀ ਦੇ ਚੌਥੇ ਦਹਾਕੇ ਨੂੰ ਵਿਸ਼ੇਸ਼ ਪ੍ਰਸੰਗ ਵਿੱਚ ਦੇਖਣਾ ਬਣਦਾ ਹੈ ਜਦੋਂ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿੱਚ ਅਕਾਲੀ ਦਲ ਨੇ ਸਿੱਖਾਂ ਦੀ ਨਿਰੋਲ ਰਾਜਨੀਤਕ ਜਥੇਬੰਦੀ ਵਜੋਂ ਆਪਣਾ ਸਥਾਨ ਗ੍ਰਹਿਣ ਕੀਤਾ। ਇਸ ਸਮੇਂ ਵਿੱਚ ਅਕਾਲੀ ਦਲ ਸਿੱਖਾਂ ਦੇ ਹਿੱਤਾਂ ਦੀ ਪਹਿਰੇਦਾਰ ਜਥੇਬੰਦੀ ਵਜੋਂ ਸਥਾਪਤ ਹੋ ਗਿਆ ਅਤੇ ਬਰਤਾਨਵੀ ਭਾਰਤੀ ਰਾਜਨੀਤੀ ਵਿੱਚ ਘੱਟਗਿਣਤੀ ਹੋਣ ਦੇ ਬਾਵਜੂਦ ਸ਼ਲਾਘਾ ਯੋਗ ਥਾਂ ਬਣਾਉਣ ਵਿੱਚ ਸਫਲ ਹੋਇਆ। ਇਸ ਤਰ੍ਹਾਂ ਦੇਸ਼ ਦੀ ਆਜ਼ਾਦੀ ਦੀ ਲਹਿਰ ਦਾ ਮਹੱਤਵ ਪੂਰਨ ਅੰਗ ਬਣ ਕੇ ਪੰਜਾਬ ਦੀ ਰਾਜਨੀਤਕ ਉਥਲ-ਪੁਥਲ ਵਿੱਚ ਨਿਵੇਕਲਾ ਥਾਂ ਬਣਾਇਆ ਅਤੇ ਦੇਸ਼ ਵੰਡ ਸਮੇਂ ਭਾਰਤ ਵਿੱਚ ਹਿੰਦੂਆਂ ਤੇ ਮੁਸਲਮਾਨਾਂ ਦੇ ਨਾਲ ਤੀਜੀ ਧਿਰ ਵਜੋਂ ਥਾਂ ਬਣਾ ਲਈ। ਇਸ ਤਰ੍ਹਾਂ ਪੰਜਾਬ ਦੀ ਰਾਜਨੀਤੀ ਵਿੱਚ ਪੰਥਕ ਹਿੱਤਾਂ ਕਾਰਨ ਅਕਾਲੀ ਦਲ ਨੇ ਆਪਣੀ ਪਛਾਣ ਸਥਾਪਤ ਕੀਤੀ।

ਦੇਸ਼ ਦੀ ਵੰਡ ਪਿੱਛੋਂ ਅਕਾਲੀ ਦਲ ਨੇ ਆਪਣੀ ਰਾਜਨੀਤਕ ਪੈਂਤੜੇਬਾਜ਼ੀ ਕਾਰਨ ਪੰਥਕ ਪਾਰਟੀ ਵੱਜੋਂ ਸਿੱਖਾਂ ਵਿੱਚ ਆਪਣੀ ਪਕੜ ਵਧੇਰੇ ਮਜ਼ਬੂਤ ਕੀਤੀ ਤੇ ਵੱਖ-ਵੱਖ ਪੜਾਵਾਂ ਵਿੱਚੋਂ ਹੁੰਦੇ ਹੋਏ 1964 ਵਿੱਚ ਪੰਜਾਬੀ ਸੂਬੇ ਵਜੋਂ ਵੱਖਰਾ ਪ੍ਰਾਂਤ ਪ੍ਰਾਪਤ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ। ਇਸ ਵੱਖਰੇ ਪ੍ਰਾਂਤ ਦੀ ਮੰਗ ਪਿੱਛੇ ਭਾਸ਼ਾ ਦੇ ਨਾਂਅ ਹੇਠ ਪ੍ਰਾਂਤ ਬਣਾਉਣਾ ਸੀ ਜਿਸ ਵਿੱਚ ਸਿੱਖਾਂ ਦਾ ਪ੍ਰਭਾਵਸ਼ਾਲੀ ਸਥਾਨ ਹੋਵੇ। ਇਹ ਪੰਜਾਬ ਦੀ ਰਾਜਨੀਤੀ ਵਿੱਚ ਮੀਲ ਪੱਥਰ ਸਾਬਤ ਹੋਇਆ ਜਿਸ ਨਾਲ ਪੰਜਾਬ ਦੀ ਰਾਜਨੀਤੀ ਨੂੰ ਸਿੱਖ ਰਾਜਨੀਤ ਵਿੱਚ ਬਦਲਦਾ ਦੇਖਿਆ ਜਾਣ ਲੱਗਾ। ਇਸ ਤਰ੍ਹਾਂ ਪੰਜਾਬੀ ਸੂਬੇ ਦਾ ਗਠਨ ਹੋਣ 'ਤੇ ਪੰਜਾਬ ਦੀ ਰਾਜਨੀਤੀ ਨੇ ਪੰਥਕ ਰਾਜਨੀਤੀ ਵਜੋਂ ਕਰਵਟ ਲਈ ਤੇ ਇਸ ਕਰਵਟ ਨੇ ਅਕਾਲੀ ਦਲ ਨੂੰ ਪ੍ਰਭਾਵਸ਼ਾਲੀ ਰਾਜਨੀਤਕ ਪਾਰਟੀ ਵਜੋਂ ਉਭਰਦੇ ਦੇਖਿਆ। ਇਸ ਸਮੇਂ ਸੰਤ ਫਤਿਹ ਸਿੰਘ ਦੀ ਅਗਵਾਈ ਵਿੱਚ ਅਕਾਲੀ ਦਲ ਵਿੱਚ ਪੰਥਕ ਸੋਚ ਦੇ ਨਾਲ ਰਾਜਨੀਤਕ ਸ਼ਕਤੀ ਦੀ ਲਾਲਸਾ ਵੀ ਪੈਦਾ ਹੋਣੀ ਸ਼ੁਰੂ ਹੋ ਗਈ। ਇਸ ਪ੍ਰਕਿਰਿਆ ਨਾਲ ਹੌਲੀ-ਹੌਲੀ ਅਕਾਲੀ ਦਲ ਵਿੱਚ ਪੰਥਕ ਹਿੱਤਾਂ ਤੋਂ ਕਿਤੇ ਕਿਤੇ ਰਾਜਸੀ ਹਿੱਤ ਭਾਰੂ ਹੋਣ ਦੇ ਸੰਕੇਤ ਮਿਲਣ ਲੱਗ ਪਏ, ਪਰ ਅਕਾਲੀ ਦਲ ਨਿਰੰਤਰ ਤੌਰ 'ਤੇ ਪੰਥਕ ਹਿੱਤਾਂ ਦੀ ਰਾਖਾ ਬਣਿਆ ਰਿਹਾ, ਜਿਸ ਦਾ ਇੱਕ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਵੀ ਅਕਾਲੀ ਦਲ ਦੇ ਕਬਜ਼ੇ ਵਜੋਂ ਦੇਖਿਆ ਜਾ ਸਕਦਾ ਹੈ। ਇਸ ਪ੍ਰਕਿਰਿਆ ਵਿੱਚ ਜਸਟਿਸ ਗੁਰਨਾਮ ਸਿੰਘ, ਲਛਮਣ ਸਿੰਘ ਗਿੱਲ ਤੇ ਪ੍ਰਕਾਸ਼ ਸਿੰਘ ਬਾਦਲ ਨੂੰ ਬਤੌਰ ਮੁੱਖ ਮੰਤਰੀ ਸਿੱਖ ਰਾਜਸੀ ਲੀਡਰ ਵਜੋਂ ਦੇਖਿਆ ਜਾਣ ਲੱਗਾ, ਪਰ ਅਕਾਲੀ ਦਲ ਨੇ ਪੰਥਕ ਹਿੱਤਾਂ ਨੂੰ ਰਾਜਨੀਤਕ ਸ਼ਕਤੀ ਪ੍ਰਾਪਤੀ ਦੇ ਬਾਵਜੂਦ ਸੰਤੁਲਨ ਪ੍ਰਦਾਨ ਕਰੀ ਰੱਖਿਆ।

ਪੰਜਾਬ ਦੀ ਰਾਜਨੀਤੀ ਵਿੱਚ ਇਸ ਸਮੇਂ ਪੰਥ ਤੇ ਅਕਾਲੀ ਦਲ ਆਪਣੀ ਪਛਾਣ ਵਿੱਚ ਸਮਾਨ-ਅਰਥੀ ਰੂਪ ਵਿੱਚ ਦੇਖੇ ਜਾਂਦੇ ਹਨ। ਇਸ ਸੰਤੁਲਨ ਨੇ ਅਕਾਲੀ ਦਲ ਦਾ ਪ੍ਰਭਾਵਸ਼ਾਲੀ ਰੂਪ ਬਣਾ ਦਿੱਤਾ। ਇਹ ਸੰਤੁਲਨ ਕਾਇਮ ਕਰਨ ਵਿੱਚ ਅਕਾਲੀ ਦਲ ਵਿੱਚ ਧਾਰਮਿਕ ਲੀਡਰਸ਼ਿਪ ਤੇ ਰਾਜਨੀਤਕ ਲੀਡਰਸ਼ਿਪ ਰੂਪ ਦੇ ਦੋ ਧੁਰੇ ਸਥਾਪਤ ਹੋਏ ਮੰਨੇ ਜਾ ਸਕਦੇ ਹਨ, ਜਿਸ ਵਿੱਚ ਪ੍ਰਕਾਸ਼ ਸਿੰਘ ਬਾਦਲ ਤੇ ਗੁਰਚਰਨ ਸਿੰਘ ਟੌਹੜਾ ਨੂੰ ਦੇਖਿਆ ਜਾ ਸਕਦਾ ਹੈ। ਇਸ ਸਮੇਂ ਵਿੱਚ ਇਨ੍ਹਾਂ ਦੋਵਾਂ ਲੀਡਰਾਂ ਦੀ ਕਾਰਗੁਜ਼ਾਰੀ 'ਤੇ ਨਜ਼ਰ ਰੱਖਣ ਲਈ ਬਰਾਬਰ ਦੀ ਲੀਡਰਸ਼ਿਪ ਦਾ ਉਭਰਨਾ ਵੀ ਜ਼ਰੂਰੀ ਸੀ ਜਿਸ ਵਿੱਚ ਜਗਦੇਵ ਸਿੰਘ ਤਲਵੰਡੀ, ਸੰਤ ਹਰਚੰਦ ਸਿੰਘ ਲੌਂਗੋਵਾਲ ਆਦਿ ਵਜੋਂ ਦੇਖਿਆ ਜਾ ਸਕਦਾ ਹੈ, ਪਰ ਇਹ ਸੰਤੁਲਨ ਉਸ ਸਮੇਂ ਵਿਗੜਨਾ ਆਰੰਭ ਹੋਇਆ ਜਦੋਂ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਪਕੜ ਮਜ਼ਬੂਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਵੀ ਆਪਣੇ ਪ੍ਰਭਾਵ ਨੂੰ ਵਧਾਉਣ ਦੀ ਪ੍ਰਕਿਰਿਆ ਆਰੰਭ ਦਿੱਤੀ ਤੇ ਬਦਕਿਸਮਤੀ ਨਾਲ ਜਥੇਦਾਰ ਟੌਹੜਾ ਵੀ ਰਾਜਨੀਤਕ ਲਾਲਸਾ ਦਾ ਸ਼ਿਕਾਰ ਹੋ ਕੇ ਰਾਜਸੀ ਸ਼ਕਤੀ ਦੇ ਹਿੱਸੇਦਾਰ ਬਣਨੇ ਆਰੰਭ ਹੋ ਗਏ।

ਇਸ ਸਮੇਂ ਸ੍ਰ. ਬਾਦਲ ਦਾ ਧਾਰਮਿਕ ਮਸਲਿਆਂ ਵਿੱਚ ਪ੍ਰਭਾਵ ਵਧਦਾ ਗਿਆ, ਪਰ ਜਥੇਦਾਰ ਟੌਹੜਾ ਦੀ ਮੌਤ ਨਾਲ ਬਾਦਲ ਦਾ ਸਿੱਖ ਰਾਜਨੀਤੀ ਵਿੱਚ ਧਾਰਮਿਕ ਤੇ ਰਾਜਨੀਤਕ ਪ੍ਰਭੁਤਵ ਕਾਇਮ ਹੋ ਗਿਆ। ਇਹ ਉਹ ਸਥਿਤੀ ਸੀ ਜਿਸ ਵਿੱਚ ਪ੍ਰਕਾਸ਼ ਸਿੰਘ ਬਾਦਲ ਨੇ ਅਕਾਲੀ ਦਲ ਨੂੰ ਧਾਰਮਿਕ ਹਿੱਤਾਂ ਦੀ ਥਾਂ ਰਾਜਨੀਤਕ ਹਿੱਤਾਂ ਲਈ ਪਹਿਲ ਦੇਣੀ ਸ਼ੁਰੂ ਕਰ ਦਿੱਤੀ ਤੇ ਮੋਗੇ ਦੀ ਅਕਾਲੀ ਕਾਨਫਰੰਸ ਵਿੱਚ ਅਕਾਲੀ ਦਲ ਨੂੰ ਪੰਥਕ ਰਾਜਨੀਤਕ ਪਾਰਟੀ ਦੀ ਥਾਂ ਪੰਜਾਬ ਪਾਰਟੀ ਦੇ ਰੂਪ ਵਿੱਚ ਪੇਸ਼ ਕੀਤਾ ਅਤੇ ਪਰਵਾਰਵਾਦ, ਪਦਾਰਥਵਾਦ ਤੇ ਹਿੰਦੂਤਵ ਸੋਚ ਨਾਲ ਭਾਈਵਾਲੀ ਕਰ ਲਈ। ਵੋਟ ਦੀ ਰਾਜਨੀਤੀ ਵਿੱਚ ਪੰਥਕ ਹਿੱਤਾਂ ਨਾਲ ਹਰ ਤਰ੍ਹਾਂ ਖਿਲਵਾੜ ਕਰਦੇ ਹੋਏ ਡੇਰਾਵਾਦ ਨੂੰ ਪ੍ਰਫੁੱਲਤ ਕਰਨ ਦਾ ਸਹਾਈ ਹੋਇਆ ਤੇ ਸ਼੍ਰੋਮਣੀ ਕਮੇਟੀ ਨੂੰ ਪ੍ਰਭਾਵਹੀਣ ਬਣਾ ਕੇ ਗੁਰਦੁਆਰਿਆਂ ਤੇ ਤਖ਼ਤਾਂ ਦੇ ਪ੍ਰਬੰਧ ਨੂੰ ਰਾਜਨੀਤੀ ਅਧੀਨ ਕਰ ਦਿੱਤਾ। ਇਸ ਪ੍ਰਕਿਰਿਆ ਵਿੱਚ ਅਕਾਲੀ ਦਲ ਦਾ ਚਿਹਰਾ ਪੰਥਕ ਨਾ ਰਹਿ ਕੇ ਇੱਕ ਧੜੇ ਵਜੋਂ ਨਜ਼ਰ ਆਉਣ ਲੱਗਾ ਤੇ ਅਕਾਲੀ ਦਲ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਦੇ ਹੋਏ, ਭ੍ਰਿਸ਼ਟਾਚਾਰੀ ਤੇ ਪੰਥਕ ਹਿੱਤਾਂ ਦੇ ਉਲਟ ਜਾਣ ਵਾਲੇ ਦੇ ਰੂਪ ਵਿੱਚ ਦੇਖਿਆ ਗਿਆ। ਪ੍ਰਕਾਸ਼ ਸਿੰਘ ਬਾਦਲ ਦੇ ਪਿਛਲੇ ਦਸ ਸਾਲਾਂ ਦੇ ਮੁੱਖ ਮੰਤਰੀ ਦੇ ਅਹੁਦੇ ਨੂੰ ਅਕਾਲੀ ਦਲ ਦੇ ਇਤਿਹਾਸ ਵਿੱਚ ਸਭ ਤੋਂ ਬੁਰਾ ਸਮਾਂ ਕਿਹਾ ਜਾ ਸਕਦਾ ਹੈ ਜਦੋਂ ਅਕਾਲੀ ਦਲ ਦਾ ਪਤਨ ਸ਼ੁਰੂ ਹੋਇਆ ਤੇ ਡੇਰਾ ਸਾਧ ਦੀ ਮੁਆਫੀ ਤੇ ਬਰਗਾੜੀ ਦੀ ਘਟਨਾ ਨੇ ਅਕਾਲੀ ਦਲ ਨੂੰ ਪੰਜਾਬ ਦੀ ਸਿਆਸਤ ਵਿੱਚ ਹਾਸ਼ੀਏ 'ਤੇ ਲਿਆਂਦਾ। ਇਸ ਸਥਿਤੀ ਵਿੱਚ ਭਾਜਪਾ ਨਾਲ ਭਾਈਵਾਲੀ ਨਾਲ ਕੇਂਦਰ ਵਿੱਚ ਨੂੰਹ ਦੇ ਕੇਂਦਰੀ ਕੈਬਨਿਟ ਮੰਤਰੀ ਬਣਨ ਨਾਲ ਹਰ ਪ੍ਰਕਾਰ ਦੇ ਸਮਝੌਤਿਆਂ ਨੇ ਅਕਾਲੀ ਦਲ ਨੂੰ ਸਿੱਖ ਮਨਾਂ ਵਿੱਚੋਂ ਕੱਢਣਾ ਆਰੰਭ ਕਰ ਦਿੱਤਾ ਤੇ ਅਕਾਲੀ ਦਲ ਪੰਥਕ ਹਿੱਤਾਂ ਦੀ ਥਾਂ ਹਿੰਦੂਤਵੀ ਰਾਜਸੀ ਹਿੱਤਾਂ ਦੀ ਪੂਰਤੀ ਕਰਨ ਵਾਲੀ ਪਾਰਟੀ ਵਜੋਂ ਪੇਸ਼ ਹੋਇਆ ਅਤੇ ਬਾਦਲ ਤੇ ਮਜੀਠੀਆ ਪਰਵਾਰ ਦੀ ਪਾਰਟੀ ਬਣ ਕੇ ਰਹਿ ਗਿਆ।

ਪੰਥਕ ਮਨਾਂ ਵਿੱਚੋਂ ਗਾਇਬ ਹੋ ਰਹੀ ਇਸ ਪਾਰਟੀ ਨੂੰ ਵੱਡਾ ਧੱਕਾ ਉਸ ਸਮੇਂ ਲੱਗਾ ਜਦੋਂ ਕੇਂਦਰ ਸਰਕਾਰ ਵਿੱਚ ਰਹਿੰਦਿਆਂ ਭਾਜਪਾ ਦੇ ਏਜੰਡੇ ਨੂੰ ਅੱਖਾਂ ਮੀਟ ਕੇ ਪ੍ਰਵਾਨ ਕਰਦੀ ਹੋਈ ਬੀਬਾ ਹਰਸਿਮਰਤ ਕੌਰ ਬਾਦਲ ਜੰਮੂ ਕਸ਼ਮੀਰ ਦੀ ਭਾਸ਼ਾ ਨੀਤੀ ਵਿੱਚ ਪੰਜਾਬੀ ਨੂੰ ਕੱਢਣ ਲਈ ਅਤੇ ਕਿਸਾਨ ਵਿਰੋਧੀ ਆਰਡੀਨੈਂਸਾਂ ਨੂੰ ਪਾਸ ਕਰਨ ਵਿੱਚ ਹਿੱਸੇਦਾਰ ਹੀ ਨਹੀਂ ਬਣੀ, ਸਗੋਂ ਸਮਰਥਕ ਵਜੋਂ ਉਭਰ ਕੇ ਸਾਹਮਣੇ ਆਈ। ਇਸ ਮੌਕੇ ਸ੍ਰ. ਪਰਕਾਸ਼ ਸਿੰਘ ਬਾਦਲ ਦੇ ਆਰਡੀਨੈਂਸ ਦੇ ਹੱਕ ਵਿੱਚ ਭੁਗਤਣ ਨਾਲ ਅਕਾਲੀ ਦਲ ਪੰਜਾਬ ਦੀ ਕਿਸਾਨੀ ਦੇ ਵਿਰੋਧ ਵਿੱਚ ਖੜ੍ਹੀ ਨਜ਼ਰ ਆਈ। ਅਕਾਲੀ ਦਲ ਨੇ ਅੰਤਲੇ ਦਿਨਾਂ ਵਿੱਚ ਸਥਿਤੀ ਨੂੰ ਭਾਂਪਦੇ ਹੋਏ ਭਾਵੇਂ ਹਰਸਿਮਰਤ ਕੌਰ ਬਾਦਲ ਨੂੰ ਕੇਂਦਰੀ ਵਜ਼ਾਰਤ ਵਿੱਚੋਂ ਅਸਤੀਫਾ ਦੇਣ ਲਈ ਮਜਬੂਰ ਕੀਤਾ, ਪਰ ਅਸਤੀਫਾ ਦੇਣ ਦੇ ਬਾਵਜੂਦ ਕਿਸਾਨ ਵਿਰੋਧੀ ਬਿੱਲਾਂ ਦਾ ਅਸਿੱਧੇ ਰੂਪ ਵਿੱਚ ਸਮਰਥਨ ਕਰਨਾ ਹੋਰ ਵੀ ਨੁਕਸਾਨਦੇਹ ਸਾਬਤ ਹੋਇਆ। ਇਸ ਕਾਰਨ ਜਿੱਥੇ ਅਕਾਲੀ ਦਲ ਨੂੰ ਪਹਿਲਾਂ ਪੰਥਕ ਮਾਨਸਿਕਤਾ ਵਿੱਚੋਂ ਬਾਹਰ ਕਰਨਾ ਸ਼ੁਰੂ ਕੀਤਾ ਸੀ ਉਥੇ ਕਿਸਾਨ ਵਿਰੋਧੀ ਬਿੱਲਾਂ ਦੇ ਸਮਰਥਨ ਨੇ ਕਿਸਾਨੀ ਮਾਨਸਿਕਤਾ ਵਿੱਚੋਂ ਵੀ ਮਨਫੀ ਕਰ ਦਿੱਤਾ। ਇਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਭਵਿੱਖ 'ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ।

ਅਸਲ ਵਿੱਚ ਅਕਾਲੀ ਦਲ ਦਾ ਇਤਿਹਾਸ ਤੇ ਸਿਧਾਂਤ ਦਾ ਆਧਾਰ ਸਿੱਖਾਂ ਦੀ ਧਾਰਮਿਕ ਮਾਨਸਿਕਤਾ ਤੇ ਕਿਸਾਨੀ ਮਾਨਸਿਕਤਾ ਹੈ। ਅਕਾਲੀ ਦਲ ਨੇ ਹਮੇਸ਼ਾ ਪੰਥਕ ਹਿੱਤਾਂ ਤੇ ਕਿਸਾਨੀ ਹਿੱਤਾਂ ਦੇ ਸਮਰਥਨ ਵਿੱਚ ਹੀ ਸੰਘਰਸ਼ ਕੀਤੇ ਹਨ, ਪਰ ਇਤਿਹਾਸ ਦੇ ਇਸ ਪੜਾਅ 'ਤੇ ਅਕਾਲੀ ਦਲ ਨੇ ਦੋਵੇਂ ਧਿਰਾਂ ਨੂੰ ਵਿਸਾਰ ਕੇ ਨਿੱਜੀ ਹਿੱਤਾਂ ਨੂੰ ਪਹਿਲ ਦੇ ਕੇ ਅਕਾਲੀ ਦਲ ਦੇ ਇਤਿਹਾਸ ਨੂੰ ਦਾਗ਼ਦਾਰ ਕਰ ਦਿੱਤਾ ਹੈ। ਇਸ ਪਿਛੋਕੜ ਵਿੱਚ ਹੀ ਮੌਜੂਦਾ ਸਥਿਤੀ ਵਿੱਚ ਧਾਰਮਿਕ ਖੇਤਰ ਵਿੱਚ ਡੇਰਾ ਸੱਚਾ ਸੌਦਾ, ਬਰਗਾੜੀ, ਗੁਰੂ ਗ੍ਰੰਥ ਸਾਹਿਬ ਦੇ ਗ੍ਰੰਥਾਂ ਦੇ ਗਾਇਬ ਹੋਣ ਦੀ ਸਥਿਤੀ ਤੇ ਇਸ ਪ੍ਰਤੀ ਅਕਾਲੀ ਦਲ ਦੀ ਰਣਨੀਤੀ ਦਾ ਪੂਰੀ ਤਰ੍ਹਾਂ ਫੇਲ੍ਹ ਹੋਣਾ ਅਤੇ ਰਾਜਨੀਤਕ ਪੱਧਰ 'ਤੇ ਹਿੰਦੂਤਵੀ ਸੋਚ ਦੇ ਸਮਰਥਕ ਦੇ ਰੂਪ ਵਿੱਚ ਦੇਖਿਆ ਜਾਣਾ ਤੇ ਕਿਸਾਨੀ ਦੇ ਹਿੱਤਾਂ ਦੀ ਰਾਖੀ ਕਰਨ ਵਿੱਚ ਅਸਫਲ ਹੋਣਾ ਹੀ ਅਸਲ ਵਿੱਚ ਪੰਜਾਬ ਦੇ ਸੰਕਟ ਅਤੇ ਪੰਥਕ ਸੰਕਟ ਦੇ ਰੂਪ ਵਿੱਚ ਦੇਖਿਆ ਜਾਣਾ ਚਾਹੀਦਾ ਹੈ। ਮੌਜੂਦਾ ਪੰਜਾਬ ਦੀ ਸਥਿਤੀ ਵਿੱਚੋਂ ਪੰਥਕ ਸੋਚ ਨੂੰ ਮਨਫੀ ਕਰਨ ਦੀ ਰੁਚੀ ਨਾਲ ਸਥਿਤੀ ਵਿੱਚ ਸੁਧਾਰ ਨਹੀਂ ਹੋ ਸਕਦਾ। ਪੰਜਾਬ ਦੇ ਮੌਜੂਦਾ ਸੰਕਟ ਨੂੰ ਸਿੱਖ ਸੰਕਟ ਦੇ ਰੂਪ ਵਿੱਚ ਦੇਖਣਾ ਹੀ ਸਹੀ ਪਰਿਪੇਖ ਹੈ।

## ਭਾਰਤ ਦੇ ਮਨੋਰੰਜਨ ਖੇਤਰ ਵਿੱਚ ਚੀਨੀ ਕੰਪਨੀਆਂ ਦਾ ਪ੍ਰਭਾਵ ਹੋਰ ਵਧਿਆ

ਨਵੀਂ ਦਿੱਲੀ, 29 ਸਤੰਬਰ (ਪੋਸਟ ਬਿਊਰੋ)- ਜਦੋਂ ਤੋਂ ਭਾਰਤ ਅਤੇ ਚੀਨ ਵਿਚਾਲੇ ਲੱਦਾਖ ਵਿੱਚ ਅਸਲ ਕੰਟਰੋਲ ਰੇਖਾ (ਐਲ ਏ ਸੀ) ’ਤੇ ਤਣਾਅ ਸ਼ੁਰੂ ਹੋਇਆ ਹੈ, ਭਾਰਤ ਸਰਕਾਰ ਭਾਰਤ ਵਿੱਚ ਸਰਗਰਮ ਚੀਨੀ ਵਪਾਰੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਵਿੱਚ ਸਰਗਰਮ ਰਹੀ ਹੈ। ਭਾਰਤ ਵਿੱਚ ਕਈ ਚੀਨੀ ਐਪਸ ਨੂੰ ਪਾਬੰਦੀ ਸ਼ੁਦਾ ਕੀਤਾ ਗਿਆ ਹੈ। ਭਾਰਤ ਵਿੱਚ ਚੀਨੀ ਜੜ੍ਹਾਂ ਬਹੁਤ ਡੂੰਘੀਆਂ ਹਨ ਤੇ ਅਜਿਹੇ ਕਈ ਖੇਤਰ ਹਨ, ਜਿਨ੍ਹਾਂ ਵਿੱਚ ਚੀਨੀ ਕੰਪਨੀਆਂ ਨੇ ਆਪਣੀ ਸਰਕਾਰ ਦੇ ਪ੍ਰਭਾਵ ਨੂੰ ਵਧਾਉਣ ਲਈ ਮਹੱਤਵ ਪੂਰਨ ਨਿਵੇਸ਼ ਕੀਤਾ ਹੈ।

ਮਨੋਰੰਜਨ ਅਤੇ ਸਮਾਚਾਰ ਐਗ੍ਰੀਗੇਟਰ ਐਪ ਵਰਗ ਖੇਤਰਾਂ ਵਿੱਚ ਖਾਸ ਨਿਵੇਸ਼ ਕੀਤਾ ਗਿਆ ਹੈ। ਨਿਊਜ਼ ਤੇ ਈ-ਪੁਸਤਕ ਐਪ ਡੇਲੀਹੰਟ ਨੇ 2016 ਵਿੱਚ ਬਾਈਟ ਡਾਂਸ ਦੀ ਅਗਵਾਈ ਵਿੱਚ 25 ਮਿਲੀਅਨ ਡਾਲਰ ਦਾ ਫੰਡ ਮਿਲਿਆ ਹੈ। ਉਹ ਟਿਕਟੌਕ ਕੰਪਨੀ ਦੇ ਮਾਲਕ ਹਨ, ਜਿਨ੍ਹਾਂ ਨੂੰ ਭਾਰਤ ਵਿੱਚ ਪਾਬੰਦੀਸ਼ੁਦਾ ਕੀਤਾ ਗਿਆ ਹੈ। ਨਿਵੇਸ਼ ਨਾਲ ਬਾਈਟ ਡਾਂਸ ਦੇ ਮੁੱਖ ਕਾਰਜਕਾਰੀ ਅਧਿਕਾਰੀ ਝਾਂਗ ਯਿਮਿੰਗ ਡੇਲੀਹੰਟ ਦੇ ਬੋਰਡ ਵਿੱਚ ਸ਼ਾਮਲ ਵੀ ਹਨ।

ਇਸੇ ਤਰ੍ਹਾਂ, ਨਿਊਜ਼ ਡਾਗ ਇੱਕ ਹੋਰ ਨਿਊਜ਼ ਐਗ੍ਰੀਗੇਟਰ ਐਪ ਨੇ 2018 ਵਿੱਚ ਚੀਨੀ ਇੰਟਰਨੈਟ ਦਿੱਗਜ ਦੀ ਅਗਵਾਈ ਵਿੱਚ 50 ਮਿਲੀਅਨ ਡਾਲਰ ਨਾਲ ਸੀਰੀਜ਼ ਦਾ ਐਲਾਨ ਕੀਤਾ ਹੈ। ਇਸ ਵਿੱਚ 50 ਮਿਲੀਅਨ ਤੋਂ ਜ਼ਿਆਦਾ ਯੂਜ਼ਰਜ਼ ਹੋਣ ਦਾ ਦਾਅਵਾ ਕੀਤਾ ਗਿਆ ਹੈ। ਇਸ ਨੇ 10 ਭਾਰਤੀ ਭਾਸ਼ਾਵਾਂ ਵਿੱਚ ਆਪਣੀਆਂ ਸੇਵਾਵਾਂ ਦਿੱਤੀਆਂ। ਚੀਨੀ ਸਮਾਰਟਫੋਨ ਕੰਪਨੀ ਨੇ ਹੰਗਾਮਾ ਡਿਜੀਟਲ ਮੀਡੀਆ ਵਿਚ ਨਿਵੇਸ਼ ਦੀ ਅਗਵਾਈ ਕੀਤੀ। ਉਸ ਵੇਲੇ ਇਸ ਨੇ 700 ਤੋਂ ਜ਼ਿਆਦਾ ਸਮੱਗਰੀ ਨਿਰਮਾਤਾਵਾਂ ਦੇ ਨਾਲ ਭਾਈਵਾਲੀ ਕੀਤੀ ਅਤੇ ਆਪਣੇ ਮੰਚ ’ਤੇ ਕਈ ਭਾਰਤੀ ਭਾਸ਼ਾਵਾਂ ਵਿੱਚ 8000 ਤੋਂ ਜ਼ਿਆਦਾ ਫਿਲਮਾਂ ਦੀ ਪੇਸ਼ਕਸ਼ ਕੀਤੀ ਹੈ।

# ਪਾਰਲੀਮੈਂਟ ਵਿੱਚ ਪੇਸ਼ ਹੋਣ ਤੋਂ ਪਹਿਲਾਂ ਮਹਾਰਾਸ਼ਟਰ ਵਿੱਚ ਲਾਗੂ ਹੋ ਗਿਆ ਸੀ ਕਿਸਾਨ ਬਿੱਲ

ਮੁੰਬਈ, 29 ਸਤੰਬਰ (ਪੋਸਟ ਬਿਊਰੋ)- ਸ਼ਿਵ ਸੈਨਾ, ਰਾਸ਼ਟਰਵਾਦੀ ਕਾਂਗਰਸ ਪਾਰਟੀ ਅਤੇ ਕਾਂਗਰਸ ਦੇ ਗਠਜੋੜ ਵਾਲੀ ਮਹਾਰਾਸ਼ਟਰ ਦੇ ਸੱਤਾਧਾਰੀ ਗੱਠਜੋੜ, ਮਹਾ ਵਿਕਾਸ ਪਾਰਟੀ (ਅਘਾੜੀ) ਵਾਲੇ ਪਾਰਲੀਮੈਂਟ ਦੇ ਮਾਨਸੂਨ ਸੈਸ਼ਨ ਦੇ ਦੌਰਾਨ ਪਾਸ ਹੋਏ ਖੇਤੀ ਬਿੱਲ ਦਾ ਵਿਰੋਧ ਕਰ ਰਹੇ ਹਨ, ਪਰ ਇਸ ਨਾਲ ਇਸ ਗਠਜੋੜ ਹਾਸੋਹੀਣੀ ਹਾਲਤ ਹੋ ਗਈ ਹੈ।



ਅਸਲ ਵਿੱਚ ਇਨ੍ਹਾਂ ਤਿੰਨ ਪਾਰਟੀਆਂ ਦੀ ਸਾਂਝ ਮਹਾਰਾਸ਼ਟਰ ਸਰਕਾਰ ਨੇ ਕਿਸਾਨੀ ਬਿੱਲ ਬੀਤੇ ਹਫਤੇ ਪਾਰਲੀਮੈਂਟ ਵਿੱਚ ਪਾਸ ਹੋਣ ਤੋਂ ਪਹਿਲਾਂ ਅਗਸਤ ਵਿੱਚ ਹੀ ਉਸ ਰਾਜ ਵਿੱਚ ਲਾਗੂ ਕਰ ਦਿੱਤਾ ਸੀ ਅਤੇ ਮਹਾਰਾਸ਼ਟਰ ਸਰਕਾਰ ਨੇ ਬੀਤੀ 10 ਅਗਸਤ ਨੂੰ ਹੀ ਮਾਰਕੀਟਿੰਗ ਦੇ ਡਾਇਰੈਕਟਰ ਸਤੀਸ਼ ਸੋਨੀ ਦੇ ਰਾਹੀਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਸੀ ਕਿ ਓਥੇ ਇਨ੍ਹਾਂ ਬਿੱਲ ਵਿੱਚ ਪ੍ਰਸਤਾਵਤ ਕਾਨੂੰਨ ਦੇ ਤਿੰਨਾਂ ਐਕਟ ਸਖਤੀ ਨਾਲ ਲਾਗੂ ਕੀਤੇ ਜਾਣ। ਇਸ ਨਾਲ ਸਾਰੇ ਖੇਤੀ ਉਤਪਾਦਾਂ, ਪਸ਼ੂ ਧਨ ਮੰਡੀ ਕਮੇਟੀਆਂ (ਏ ਪੀ ਐਮ ਸੀ) ਅਤੇ ਖੇਤੀ ਜ਼ਿਲ੍ਹਾ ਕੋਆਪਰੇ-ਟਿਵ ਸੋਸਾਈਟੀਆਂ ਨੂੰ ਹੁਕਮ ਜਾਰੀ ਕਰ ਕੇ ਕਿਸਾਨ ਫਸਲ ਵਪਾਰ ਅਤੇ ਵਣਜ (ਪ੍ਰਚਾਰ ਤੇ ਸਹੂਲਤ) ਐਕਟ 2020, ਕਿਸਾਨ (ਸ਼ਕਤੀਕਰਨ ਤੇ ਸੁਰੱਖਿਆ) ਭਰੋਸਾ ਤੇ ਕਿਸਾਨ ਸੇਵਾ ਐਕਟ 2020 ਅਤੇ ਜ਼ਰੂਰੀ ਵਸਤੂ (ਸੋਧ) ਐਕਟ 2020 ਲਾਗੂ ਕੀਤਾ ਗਿਆ ਹੈ। ਸ਼ਿਵ ਸੈਨਾ, ਐਨ ਸੀ ਪੀ ਅਤੇ ਕਾਂਗਰਸ ਗਠਜੋੜ ਦੀ ਸਰਕਾਰ ਵੱਲੋਂ ਇਸ ਤਰ੍ਹਾਂ ਕੇਂਦਰ ਸਰਕਾਰ ਦੇ ਬਿੱਲ ਪਾਰਲੀਮੈਂਟ ਵਿੱਚ ਪਾਸ ਕਰਨ ਤੋਂ ਛੇ ਹਫਤੇ ਪਹਿਲਾਂ ਮਹਾਰਾਸਟਰ ਵਿੱਚ ਲਾਗੂ ਕਰ ਦਿੱਤੇ ਗਏ ਸਨ, ਪਰ ਫਿਰ ਵੀ ਉਹ ਪਾਰਲੀਮੈਂਟ ਵਿੱਚ ਅਤੇ ਪਾਰਲੀਮੈਂਟ ਤੋਂ ਬਾਹਰ ਵੀ ਇਸ ਦੇ ਖਿਲਾਫ ਹੰਗਾਮਾ ਕਰਦੇ ਰਹੇ।

# ਯੂਥ ਕਾਂਗਰਸ ਨੇ ਇੰਡੀਆ ਗੇਟ ਵਿਖੇ ਜਾ ਕੇ ਟਰੈਕਟਰ ਸਾੜਿਆ

* ਪੰਜ ਕਾਂਗਰਸੀ ਕਾਰਕੁਨਾਂ ਨੂੰ ਪੁਲਸ ਨੇ ਹਿਰਾਸਤ ’ਚ ਲਿਆ

ਨਵੀਂ ਦਿੱਲੀ, 29 ਸਤੰਬਰ (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਦੇ ਸੁਰੱਖਿਆ ਪੱਖੋਂ ਸਭ ਤੋਂ ਅਹਿਮ ਖੇਤਰ ਇੰਡੀਆ ਗੇਟ ਨੇੜੇ ਪੰਜਾਬ ਯੂਥ ਕਾਂਗਰਸ ਦੇ ਕਾਰਕੁਨਾਂ ਨੇ ਖੇਤੀ ਐਕਟਾਂ ਦੇ ਖਿਲਾਫ ਕੱਲ੍ਹ ਸਵੇਰੇ ਟਰੈਕਟਰ ਸਾੜ ਕੇ ਵਿਰੋਧ ਕੀਤਾ। ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਮੌਕੇ ਨੌਜਵਾਨਾਂ ਨੇ ਮੋਦੀ ਸਰਕਾਰ ਦੇ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ। ਇਸ ਦੇ ਬਾਅਦ ਦਿੱਲੀ ਪੁਲਸ ਨੇ ਪੰਜ ਕਾਰਕੁਨਾਂ ਨੂੰ ਹਿਰਾਸਤ ਵਿੱਚ ਲਿਆ ਹੈ।



### ਦਿੱਲੀ ਪੁਲਸ ਅਤੇ ਸੁਰੱਖਿਆ ਏਜੰਸੀਆਂ ਦੇ ਵਾਸਤੇ ਬਣੀ ਹਲਚਲ ਦੀ ਸਥਿਤੀ

ਟਰੈਕਟਰ ਸਾੜੇ ਜਾਣ ਦੀ ਘਟਨਾ ਨਾਲ ਦਿੱਲੀ ਪੁਲਸ ਅਤੇ ਸੁਰੱਖਿਆ ਏਜੰਸੀਆਂ ਦੇ ਵਾਸਤੇ ਹਲਚਲ ਦੀ ਸਥਿਤੀ ਬਣ ਗਈ, ਪਰ ਫਾਇਰ ਬ੍ਰਿਗੇਡ ਦੀਆਂ ਦੋ ਗੱਡੀਆਂ ਨੇ ਟਰੈਕਟਰ ਦੀ ਅੱਗ ਛੇਤੀ ਹੀ ਬੁਝਾ ਦਿੱਤੀ। ਇਸ ਬਾਰੇ ਨਵੀਂ ਦਿੱਲੀ ਦੇ ਡਿਪਟੀ ਕਮਿਸ਼ਨਰ ਪੁਲਸ ਈਸ਼ ਸਿੰਘਲ ਨੇ ਦੱਸਿਆ ਕਿ ਪੰਜਾਬ ਯੂਥ ਕਾਂਗਰਸ ਦੇ 15-20 ਕਾਰਕੁਨਾਂ ਨੇ ਰਾਜਪਥ ’ਤੇ ਮਾਨ ਸਿੰਘ ਚੌਕ ਨੇੜੇ (ਇੰਡੀਆ ਗੇਟ ਦੇ ਸਾਹਮਣੇ) ਆਪਣੇ ਨਾਲ ਲਿਆਂਦਾ ਟਰੈਕਟਰ ਸਾੜਨ ਦੀ ਕੋਸ਼ਿਸ਼ ਕੀਤੀ ਤੇ ਉਨ੍ਹਾਂ ਖਿਲਾਫ ਢੁੱਕਵੀਂ ਕਾਰਵਾਈ ਕੀਤੀ ਗਈ ਹੈ। ਪੰਜਾਬ ਯੂਥ ਕਾਂਗਰਸ ਦੇ ਆਗੂ ਬਰਿੰਦਰ ਸਿੰਘ ਢਿੱਲੋਂ ਸਮੇਤ ਕੁਝ ਨੌਜਵਾਨ ਅਚਾਨਕ ਟਾਟਾ 407 ਹਾਫ ਟਰੱਕ ਉਤੇ ਪੁਰਾਣਾ ਆਈਸ਼ਰ ਟਰੈਕਟਰ ਲੈ ਕੇ ਸਵੇਰੇ ਹੀ ਉਥੇ ਪੁੱਜ ਗਏ ਅਤੇ ਉਨ੍ਹਾਂ ਟਰੈਕਟਰ ਨੂੰ ਗੱਡੀ ਤੋਂ ਸੁੱਟ ਕੇ ਉਸ ਉਪਰ ਪਰਾਲੀ ਪਾ ਕੇ ਅੱਗ ਲਾ ਦਿੱਤੀ। ਕਾਂਗਰਸ ਕਾਰਕੁਨਾਂ ਨੇ ਪੀਲੀਆਂ ਪੱਗਾਂ ਬੰਨ੍ਹੀਆਂ ਹੋਈਆਂ ਸਨ ਅਤੇ ਬਰਿੰਦਰ ਸਿੰਘ ਨੇ ਹੱਥ ਵਿੱਚ ਭਗਤ ਸਿੰਘ ਦੀ ਤਸਵੀਰ ਵੀ ਫੜੀ ਹੋਈ ਸੀ। ਉਨ੍ਹਾਂ ‘ਭਗਤ ਸਿੰਘ ਅਮਰ ਰਹੇ’ ਅਤੇ “ਭਗਤ ਸਿੰਘ ਤੇਰੀ ਸੋਚ ’ਤੇ, ਪਹਿਰਾ ਦਿਆਂਗੇ ਠੋਕ ਕੇ” ਦੇ ਨਾਅਰੇ ਵੀ ਲਾਏ। ਕੁਝ ਨੌਜਵਾਨ ਸੜਕ ਉਪਰ ਧਰਨਾ ਦੇ ਕੇ ਬੈਠ ਗਏ।

ਭਾਜਪਾ ਨੇ ਟਰੈਕਟਰ ਸਾੜਨ ਦੀ ਘਟਨਾ ਲਈ ਕਾਂਗਰਸ ਬਾਰੇ ਕਿਹਾ ਕਿ ਉਨ੍ਹਾਂ ਨੇ ਕਿਸਾਨਾਂ ਨੂੰ ਗੁੰਮਰਾਹ ਕਰਨ ਅਤੇ ਪ੍ਰਚਾਰ ਹਾਸਲ ਕਰਨ ਲਈ ਨਾਟਕ ਕੀਤਾ ਹੈ। ਕੇਂਦਰੀ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਕਿਹਾ ਕਿ ਕਾਂਗਰਸ ਕਿਸਾਨਾਂ ਦੇ ਨਾਂਅ ’ਤੇ ਸਿਆਸਤ ਕਰ ਰਹੀ ਹੈ ਅਤੇ ਉਸ ਦਾ ਚਿਹਰਾ ਨੰਗਾ ਹੋ ਗਿਆ ਹੈ। ਇੱਕ ਹੋਰ ਮੰਤਰੀ ਰਜਿੰਦਰ ਸਿੰਘ ਸ਼ੇਖਾਵਤ ਨੇ ਕਿਹਾ ਕਿ ਕਾਂਗਰਸ ਭਗਤ ਸਿੰਘ ਦੇ ਨਾਂਅ ’ਤੇ ਕਿਸਾਨਾਂ ਦੀ ਆਜ਼ਾਦੀ ਖਿਲਾਫ ਵਿਖਾਵੇ ਕਰ ਰਹੀ ਹੈ।

## ਗਰਲ ਫਰੈਂਡ ਨਾਲ ਫੜਿਆ ਏ ਡੀ ਜੀ ਪੀ ਪਤਨੀ ਦੀ ਕੁੱਟਮਾਰ ਦੀ ਵੀਡੀਓ ਕਾਰਨ ਫਸਿਆ

* ਐਸ ਪੀ ਰੈਂਕ ਦੇ ਪੁੱਤਰ ਨੇ ਬਾਪੂ ਦਾ ਵੀਡੀਓ ਬਣਾਇਆ



ਭੋਪਾਲ, 29 ਸਤੰਬਰ (ਪੋਸਟ ਬਿਊਰੋ)- ਆਪਣੀ ਪਤਨੀ ਦੀ ਕੁੱਟਮਾਰ ਦਾ ਇੱਕ ਵੀਡੀਓ ਸੋਸ਼ਲ ਮੀਡੀਆ ਵਿੱਚ ਆਉਣ ਪਿੱਛੋਂ ਮੱਧ ਪ੍ਰਦੇਸ਼ ਪੁਲਸ ਦੇ ਏ ਡੀ ਜੀ ਪੁਰਸ਼ੋਤਮ ਸ਼ਰਮਾ ਨੂੰ ਡਿਊਟੀ ਤੋਂ ਹਟਾ ਦਿੱਤਾ ਗਿਆ ਹੈ।

ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਹੈ ਕਿ ਜੋ ਵੀ ਜ਼ਿੰਮੇਵਾਰ ਅਹੁਦੇ ’ਤੇ ਹੈ ਅਤੇ ਕਾਨੂੰਨ ਹੱਥ ਵਿੱਚ ਲੈ ਕੇ ਇਹੋ ਜਿਹੇ ਕੰਮਾਂ ਵਿੱਚ ਸ਼ਾਮਲ ਹੈ, ਉਸ ਦੇ ਖਿਲਾਫ ਕਾਰਵਾਈ ਹੋਵੇਗੀ। ਇਸ ਬਾਰੇ ਅਧਿਕਾਰਕ ਪੁਸ਼ਟੀ ਜਾਂ ਰਿਪੋਰਟ ਨਹੀਂ ਕੀਤੀ ਗਈ ਕਿ ਪਤਨੀ ਨੇ ਏ ਡੀ ਜੀ ਨੂੰ ਗਰਲ ਫਰੈਂਡ ਨਾਲ ਰੰਗੇ ਹੱਥੀਂ ਫੜਿਆ ਸੀ, ਜਿਸ ਦੇ ਬਾਅਦ ਉਨ੍ਹਾਂ ਨੇ ਕੁੱਟਮਾਰ ਕੀਤੀ ਸੀ। ਦੱਸਿਆ ਜਾਂਦਾ ਹੈ ਕਿ ਸ਼ਰਮਾ ਦੇ ਇਨਕਮ ਟੈਕਸ ਵਿਭਾਗ ਵਿੱਚ ਐਸ ਪੀ ਬੇਟੇ ਪਾਰਥ ਨੇ ਕੁੱਟਮ-ਾਰ ਦਾ ਵੀਡੀਓ ਬਣਾਇਆ ਅਤੇ ਗ੍ਰਹਿ ਮੰਤਰੀ ਨਰੋਤਮ ਮਿਸ਼ਰਾ, ਡੀ ਜੀ ਪੀ ਅਤੇ ਚੀਫ ਸੈਕਟਰੀ ਨੂੰ ਭੇਜ ਕੇ ਪਿਤਾ ਦੀ ਸ਼ਿਕਾਇਤ ਕੀਤੀ ਸੀ। ਏ ਡੀ ਜੀ ਪੀ ਪੁਰਸ਼ੋਤਮ ਸ਼ਰਮਾ ਨੇ ਸਫਾਈ ਦਿੰਦੇ ਹੋਏ ਕਿਹਾ, ‘ਮੈਂ ਕੁਝ ਗਲਤ ਨਹੀਂ ਕੀਤਾ ਅਤੇ ਇਸ ਬਾਰੇ ਬੇਟਾ ਹੀ ਤੁਹਾਨੂੰ ਦੱਸ ਸਕਦਾ ਹੈ। ਸਾਡੇ ਵਿਆਹ ਨੂੰ 32 ਸਾਲ ਹੋ ਚੁੱਕੇ ਹਨ, ਸਾਲ 2008 ਵਿੱਚ ਮੇਰੀ ਪਤਨੀ ਨੇ ਮੇਰੇ ਖਿਲਾਫ ਸ਼ਿਕਾਇਤ ਕੀਤੀ ਸੀ।’ ਲੋਕ ਇਸ ਸਫਾਈ ਨੂੰ ਨਹੀਂ ਮੰਨ ਰਹੇ।

# ਸਬ-ਇੰਸਪੈਕਟਰ ਨੇ ਸਹੁਰੇ ਨੂੰ ਗੋਲੀ ਮਾਰ ਕੇ ਮਾਰਿਆ

ਮਹਿਮ, 29 ਸਤੰਬਰ (ਪੋਸਟ ਬਿਊਰੋ)- ਦਿੱਲੀ ਪੁਲਸ ਦੇ ਇਕ ਸਬ-ਇੰਸਪੈਕਟਰ ਨੇ ਆਪਣਾ ਹੱਸਦਾ-ਖੇਡਦਾ ਪਰਵਾਰ ਤਬਾਹ ਕਰ ਲਿਆ ਹੈ। ਉਸ ਨੇ ਇਸ ਘਟਨਾ ਤੋਂ ਪਹਿਲਾਂ ਦਿੱਲੀ ਦੇ ਅਲੀਪੁਰਾ ਇਲਾਕੇ ਵਿੱਚ ਆਪਸੀ ਝਗੜੇ ਦੇ ਬਾਅਦ ਆਪਣੀ ਪ੍ਰੇਮਿਕਾ ਨੂੰ ਤਿੰਨ ਗੋਲੀਆਂ ਮਾਰ ਕੇ ਸੜਕ ਉਪਰ ਸੁੱਟ ਦਿਤਾ ਸੀ। ਫਿਰ ਕੱਲ੍ਹ ਸਵੇਰੇ ਪਿੰਡ ਬੈਂਸੀ-ਰੋਹਤਕ ਵਿਖੇ ਆਪਣੇ ਸਹੁਰੇ ਘਰ ਪਹੁੰਚ ਕੇ ਗਲੀ ਵਿੱਚ ਸਾਫ਼-ਸਫ਼ਾਈ ਕਰਦੇ ਸਹੁਰੇ ਦੇ ਮੱਥੇ ਵਿੱਚ ਗੋਲੀ ਮਾਰ ਕੇ ਉਸ ਦਾ ਕਤਲ ਕਰ ਦਿਤਾ ਅਤੇ ਆਪਣੀ ਡਸਟਰ ਗੱਡੀ ਲੈ ਕੇ ਫਰਾਰ ਹੋ ਗਿਆ।

ਪਤਾ ਲੱਗਾ ਹੈ ਕਿ ਦਿੱਲੀ ਪੁਲਸ ਦੇ ਸਬ-ਇੰਸਪੈਕਟਰ ਸੰਦੀਪ ਦਹੀਆ ਵਾਸੀ ਸਿਸਾਨਾ-ਸੋਨੀਪਤ ਦਾ ਪਿੰਡ ਬੈਂਸੀ ਜ਼ਿਲਾ ਰੋਹਤਕ ਦੀ ਆਪਣੀ ਪਤਨੀ ਰਾਜੇਸ਼ ਕੁਮਾਰੀ ਪੁੱਤਰੀ ਰਣਵੀਰ ਸਿੰਘ ਨਾਲ ਵਿਵਾਦ ਚੱਲਦਾ ਸੀ। ਰਾਜੇਸ਼ ਕੁਮਾਰੀ ਲੱਗਭਗ ਚਾਰ ਸਾਲ ਪਹਿਲਾਂ ਦੋ ਬੱਚਿਆਂ (ਬੇਟਾ-ਬੇਟੀ) ਨਾਲ ਪਤੀ ਦਾ ਘਰ ਛੱਡ ਕੇ ਪੇਕੇ ਆ ਗਈ ਸੀ। ਕਰੀਬ ਚਾਰ ਦਿਨ ਪਹਿਲਾਂ ਐਸ ਆਈ ਦਹੀਆ ਆਪਣੀ ਸਹੁਰੇ ਘਰ ਬੈਂਸੀ ਆਇਆ ਅਤੇ ਉਸ ਨੇ ਆਪਣਾ ਬੇਟਾ ਦੇਣ ਦੀ ਮੰਗ ਕੀਤੀ, ਪਰ ਪਤਨੀ ਨੇ ਬੇਟਾ ਦੇਣ ਤੋਂ ਸਾਫ਼ ਮਨ੍ਹਾਂ ਕਰ ਦਿੱਤਾ। ਇਸ ਦੇ ਬਾਅਦ ਸੰਦੀਪ ਉਨ੍ਹਾਂ ਨੂੰ ਦੇਖ ਲੈਣ ਦੀ ਧਮਕੀ ਦਿੰਦੇ ਹੋਏ ਉਥੋਂ ਚਲਾ ਗਿਆ। ਦਿੱਲੀ ਦੇ ਅਲੀਪੁਰਾ ਥਾਣੇ ਵਿੱਚ ਦਰਜ ਕੇਸ ਦੇ ਅਨੁਸਾਰ ਕੱਲ੍ਹ ਦੁਪਹਿਰ ਬਾਅਦ ਸੰਦੀਪ ਦਹੀਆ ਦਿੱਲੀ ਦੇ ਅਲੀਪੁਰਾ ਇਲਾਕੇ ਵਿੱਚ ਸ਼ਾਹਦਰਾ ਦੀ ਵਾਸੀ ਆਪਣੀ ਪ੍ਰੇਮਿਕਾ ਦੇ ਨਾਲ ਡਸਟਰ ਗੱਡੀ ਵਿੱਚ ਸੀ। ਇਸੇ ਦੌਰਾਨ ਉਨ੍ਹਾਂ ਵਿਚਾਲੇ ਕਿਸੇ ਗੱਲ ਤੋਂ ਆਪਸੀ ਤਕਰਾਰ ਹੋ ਗਈ। ਦਹੀਆ ਨੇ ਤੈਸ਼ ਵਿੱਚ ਆ ਕੇ ਪ੍ਰੇਮਿਕਾ ਨੂੰ ਤਿੰਨ ਗੋਲੀਆਂ ਮਾਰ ਕੇ ਉਸ ਨੂੰ ਗੱਡੀ ਤੋਂ ਥੱਲੇ ਸੁੱਟ ਦਿੱਤਾ ਅਤੇ ਫ਼ਰਾਰ ਹੋ ਗਿਆ।

ਫਿਰ ਕੱਲ੍ਹ ਸਵੇਰੇ ਸਾਢੇ ਸੱਤ ਵਜੇ ਦੇ ਕਰੀਬ ਉਹ ਆਪਣੇ ਸਹੁਰੇ ਘਰ ਬੈਂਸੀ ਪਹੁੰਚਿਆ, ਜਿੱਥੇ ਉਸ ਦਾ ਸਹੁਰਾ ਰਣਵੀਰ ਸਿੰਘ ਘਰ ਦੇ ਸਾਹਮਣੇ ਪਸ਼ੂ ਵਾੜੇ ਕੋਲ ਸਫ਼ਾਈ ਕਰ ਰਿਹਾ ਸੀ। ਅਚਾਨਕ ਸੰਦੀਪ ਉਸ ਕੋਲ ਪਹੁੰਚਿਆ ਅਤੇ ਰਣਵੀਰ ਸਿੰਘ ਦੇ ਮੱਥੇ ਵਿੱਚ ਗੋਲੀ ਮਾਰ ਕੇ ਫ਼ਰਾਰ ਹੋ ਗਿਆ। ਗੋਲੀ ਲੱਗਣ ਨਾਲ ਰਣਵੀਰ ਸਿੰਘ ਨੇ ਕੁਝ ਸਮੇਂ ਬਾਅਦ ਦਮ ਤੋੜ ਦਿੱਤਾ। ਪਰਵਾਰਕ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ ਤਾਂ ਥਾਣਾ ਇੰਚਾਰਜ ਟੀਮ ਸਮੇਤ ਮੌਕੇ ’ਤੇ ਪਹੁੰਚੇ ਅਤੇ ਛਾਣਬੀਣ ਕੀਤੀ। ਰਣਵੀਰ ਸਿੰਘ ਦੇ ਪੁੱਤਰ ਮਨਜੀਤ ਦੀ ਸ਼ਿਕਾਇਤ ਉਤੇ ਦਿੱਲੀ ਪੁਲਸ ਦੇ ਐਸ ਆਈ ਸੰਦੀਪ ਦਹੀਆ ਸਮੇਤ ਕੁਝ ਹੋਰ ਵਿਅਕਤੀਆਂ ਦੇ ਖ਼ਿਲਾਫ਼ ਹੱਤਿਆ ਦਾ ਕੇਸ ਦਰਜ ਕਰ ਲਿਆ ਗਿਆ ਹੈ।

## ਭਾਰਤ ਦੇ ਚੋਟੀ ਦੇ ਸੱਤ ਸ਼ਹਿਰਾਂ ’ਚ ਘਰਾਂ ਦੀ ਵਿਕਰੀ 61 ਫੀਸਦੀ ਘਟੀ

ਨਵੀਂ ਦਿੱਲੀ, 29 ਸਤੰਬਰ (ਪੋਸਟ ਬਿਊਰੋ)- ਕੋਵਿਡ-19 ਮਹਾਮਾਰੀ ਨਾਲ ਰਿਹਾਇਸ਼ੀ ਖੇਤਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਜਾਇਦਾਦ ਸਲਾਹਕਾਰ ਜੇ ਐਲ ਐਲ ਇੰਡੀਆ ਨੇ ਕਿਹਾ ਕਿ ਮਹਾਮਾਰੀ ਕਾਰਨ ਭਾਰਤ ਦੇਸ਼ ਦੇ ਚੋਟੀ ਦੇ ਸੱਤ ਸ਼ਹਿਰਾਂ ’ਚ ਜੁਲਾਈ-ਸਤੰਬਰ ਦੀ ਤਿਮਾਹੀ ’ਚ ਘਰਾਂ ਦੀ ਵਿਕਰੀ 61 ਫੀਸਦੀ ਦੀ ਗਿਰਾਵਟ ਨਾਲ 14,415 ਯੂਨਿਟ ਰਹਿ ਗਈ ਹੈ। ਇਸ ਤੋਂ ਪਿਛਲੇ ਸਾਲ ਦੀ ਇਸੇ ਮਿਆਦ ’ਚ ਸੱਤ ਸ਼ਹਿਰਾਂ (ਦਿੱਲੀ-ਐਨ ਸੀ ਆਰ, ਮੁੰਬਈ, ਬੇਂਗਲੁਰੂ, ਚੇਨਈ, ਹੈਦਰਾਬਾਦ, ਪੁਣੇ ਅਤੇ ਕੋਲਕਾਤਾ) ਵਿੱਚ 36,826 ਮਕਾਨ ਵੇਚੇ ਗਏ ਸਨ।

ਇਸ ਸਾਲ ਜੁਲਾਈ-ਸਤੰਬਰ ਵਿੱਚ ਬੇਂਗਲੁਰੂ ’ਚ ਘਰਾਂ ਦੀ ਵਿਕਰੀ 1,742 ਯੂਨਿਟ, ਚੇਨਈ ’ਚ 1,570 ਯੂਨਿਟ, ਦਿੱਲੀ-ਐਨ ਸੀ ਆਰ ਵਿੱਚ 3,112 ਯੂਨਿਟ, ਹੈਦਰਾਬਾਦ ’ਚ 2,122 ਯੂਨਿਟ, ਕੋਲਕਾਤਾ ’ਚ 390 ਯੂਨਿਟ, ਮੁੰਬਈ ’ਚ 4,135 ਯੂਨਿਟ ਅਤੇ ਪੁਣੇ ’ਚ 1,344 ਯੂਨਿਟ ਰਹੀ। ਕੰਪਨੀ ਨੇ ਪਿਛਲੇ ਸਾਲ ਦੀ ਇਸੇ ਮਿਆਦ ਲਈ ਸ਼ਹਿਰ ਵਾਰ ਅੰਕੜੇ ਨਹੀਂ ਦਿੱਤੇ, ਪਰ ਤਿਮਾਹੀ ਆਧਾਰ ’ਤੇ ਤੁਲਨਾ ਵਿੱਚ ਅਪ੍ਰੈਲ-ਜੂਨ ਦੇ ਮੁਕਾਬਲੇ ਜੁਲਾਈ-ਸਤੰਬਰ ਦੇ ਦੌਰਾਨ ਘਰਾਂ ਦੀ ਵਿਕਰੀ 34 ਫੀਸਦੀ ਵਧੀ ਹੈ। ਅਪ੍ਰੈਲ-ਜੂਨ ਦੌਰਾਨ ਘਰਾਂ ਦੀ ਵਿਕਰੀ 10,753 ਯੂਨਿਟ ਰਹੀ ਸੀ।

## ਜਾਅਲੀ ਦਸਤਾਵੇਜ਼ਾਂ ਨਾਲ ਲਗਜ਼ਰੀ ਕਾਰਾਂ ਲੈਣ ਵਾਲੇ ਦੋ ਕਾਬੂ

ਲੁਧਿਆਣਾ, 29 ਸਤੰਬਰ (ਪੋਸਟ ਬਿਊਰੋ)- ਪੰਜਾਬ ਪੁਲਸ ਨੇ ਆਪਣੀਆਂ ਜਾਅਲੀ ਆਈ ਡੀ ਉਤੇ ਲੋਨ ਕਰਵਾ ਕੇ ਅੱਗੇ ਲੋਕਾਂ ਨੂੰ ਕਰਜ਼ੇ ਦੀਆਂ ਕਾਰਾਂ ਵੇਚਣ ਵਾਲੇ ਗਿਰੋਹ ਨੂੰ ਕਾਬੂ ਕੀਤਾ ਹੈ, ਜਿਨ੍ਹਾਂ ਦੇ ਦੋ ਮੈਂਬਰ ਪੁਲਸ ਦੇ ਹੱਥ ਆ ਗਏ ਹਨ ਤੇ ਤਿੰਨ ਫਰਾਰ ਹੋ ਗਏ ਹਨ। ਇਹ ਗੈਂਗ ਜਾਅਲੀ ਆਈ ਡੀ ਉਤੇ ਲਗਜ਼ਰੀ ਕਾਰਾਂ ਉਤੇ ਲੋਨ ਕਰਵਾ ਕੇ ਇਹ ਕਾਰਾਂ ਅੱਗੇ ਲੋਕਾਂ ਨੂੰ ਵੇਚ ਦਿੰਦੇ ਸਨ। ਪੁਲਸ ਨੇ ਗ੍ਰਿਫਤਾਰ ਕੀਤੇ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਅਤੇ ਉਨ੍ਹਾਂ ਦੀ ਨਿਸ਼ਾਨਦੇਹੀ ਉੱਤੇ 10 ਕਾਰਾਂ, ਜਾਅਲੀ ਪੰਜ ਆਰ ਸੀਜ਼ ਅਤੇ 10 ਜੋੜੀ ਨੰਬਰ ਪਲੇਟਾਂ ਫੜੀਆਂ ਹਨ। ਪੁਲਸ ਨੇ ਇਸ ਕੇਸ ਵਿੱਚ ਲੱਕੜ ਬਾਜ਼ਾਰ ਦੇ ਨਵਾਂ ਮੁਹ-ੱਲਾ ਦੇ ਗੁਰਪਤਵੰਤ ਵੀਰ ਸਿੰਘ ਤੇ ਫਗਵਾੜਾ ਦੀ ਪ੍ਰੋਫੈਸਰ ਕਾਲੋਨੀ ਬੰਗਾ ਰੋਡ ਦੇ ਤਰੁਣ ਸਿੰਘ ਉਰਫ ਬੌਬੀ ਦੇ ਖਿਲਾਫ ਕੇਸ ਦਰਜ ਕਰ ਲਿਆ ਅਤੇ ਦੋਸ਼ੀਆਂ ਤੋਂ ਪੁੱਛ ਗਿੱਛ ਦੇ ਆਧਾਰ ਉੱਤੇ ਉਨ੍ਹਾਂ ਦੇ ਤਿੰਨ ਸਾਥੀਆਂ ਹਰਿਆਣਾ ਦੇ ਮੋਨੀ ਚੌਹਾਨ, ਖਰੜ ਦੇ ਅਵਤਾਰ ਸਿੰਘ ਤੇ ਅਤੀਕ ਹੁਸੈਨ ਉਰਫ ਅਤੀਕ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਡਿਪਟੀ ਕਮਿਸ਼ਨਰ ਪੁਲਸ (ਜਾਂਚ) ਸਿਮਰਤਪਾਲ ਸਿੰਘ ਢੀਂਡਸਾ ਨੇ ਦੱਸਿਆ ਕਿ ਪੁਲਸ ਨੂੰ ਦੋ ਦਿਨ ਪਹਿਲਾਂ ਪਤਾ ਲੱਗਾ ਸੀ ਕਿ ਮੁਲਜ਼ਮਾਂ ਨੇ ਇੱਕ ਗੈਂਗ ਬਣਾ ਰੱਖਿਆ ਹੈ ਤੇ ਜਾਅਲੀ ਆਈ ਡੀ ਬਣਾ ਕੇ ਲਗਜ਼ਰੀ ਕਾਰਾਂ ’ਤੇ ਲੋਨ ਲੈਂਦੇ ਅਤੇ ਅੱਗੇ ਲੋਕਾਂ ਨੂੰ ਵੇਚ ਦਿੰਦੇ ਸਨ। ਪੁਲਸ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਗੁਰਪਤਵੰਤ ਵੀਰ ਸਿੰਘ ਤੇ ਤਰੁਣ ਦੋਵੇਂ ਜਣੇ ਕਾਰਾਂ ਲਿਆ ਕੇ ਫਿਰੋਜ਼ ਗਾਂਧੀ ਮਾਰਕੀਟ ਵਿੱਚ ਠਹਿਰੇ ਹਨ। ਪੁਲਸ ਨੇ ਦੋਵਾਂ ਨੂੰ ਕਾਬੂ ਕਰ ਲਿਆ ਅਤੇ ਉਨ੍ਹਾਂ ਦੇ ਕਬਜ਼ੇ ਤੋਂ 10 ਕਾਰਾਂ ਬਰਾਮਦ ਕੀਤੀਆਂ ਹਨ। ਬਾਕੀ ਜਾਂਚ ਇਸ ਤੋਂ ਬਾਅਦ ਕੀਤੀ ਜਾ ਸਕੀ ਹੈ।

# ਸਾਬਕਾ ਡੀ ਜੀ ਪੀ ਸੁਮੇਧ ਸੈਣੀ ਤੇ ਆਈ ਜੀ ਉਮਰਾਨੰਗਲ ਦੋਸ਼ੀ ਵਜੋਂ ਨਾਮਜ਼ਦ

ਫਰੀਦਕੋਟ, 29 ਸਤੰਬਰ (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ 14 ਅਕਤੂਬਰ 2015 ਨੂੰ ਵਾਪਰੇ ਬਹਿਬਲ ਕਲਾਂ ਗੋਲੀ ਕਾਂਡ ’ਚ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਅਤੇ ਸਸਪੈਂਡਿਡ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਦੋਸ਼ੀ ਨਾਮਜ਼ਦ ਕਰ ਲਿਆ ਹੈ। ਇਸ ਤੋਂ ਪਹਿਲਾਂ ਇਸ ਕੇਸ ਵਿੱਚ ਸਾਬਕਾ ਜ਼ਿਲ੍ਹਾ ਪੁਲਸ ਮੁਖੀ ਚਰਨਜੀਤ ਸਿੰਘ ਸ਼ਰਮਾ, ਐਸ ਪੀ ਬਿਕਰਮ ਸਿੰਘ, ਇੰਸਪੈਕਟਰ ਪ੍ਰਦੀਪ ਸਿੰਘ, ਥਾਣਾ ਬਾਜਾਖਾਨਾ ਦੇ ਸਾਬਕਾ ਐਸ ਐਚ ਓ ਅਮਰਜੀਤ ਸਿੰਘ ਕੁਲਾਰ, ਕਾਰੋਬਾਰੀ ਪੰਕਜ ਬਾਂਸਲ ਅਤੇ ਸੁਹੇਲ ਸਿੰਘ ਬਰਾੜ ਦੋਸ਼ੀ ਵਜੋਂ ਨਾਮਜ਼ਦ ਹੋ ਚੁੱਕੇ ਹਨ।



ਬਹਿਬਲ ਕਲਾਂ ਗੋਲੀ ਕਾਂਡ

ਜਾਣਕਾਰ ਸੂਤਰਾਂ ਅਨੁਸਾਰ ਵਿਸ਼ੇਸ਼ ਜਾਂਚ ਟੀਮ ਵੱਲੋਂ ਕੀਤੀ ਪੜਤਾਲ ਦੌਰਾਨ ਸਾਹਮਣੇ ਆਇਆ ਹੈ ਕਿ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ 14 ਅਕਤੂਬਰ 2015 ਨੂੰ ਸਵੇਰੇ ਬਹਿਬਲ ਕਲਾਂ ਵਿਖੇ ਗਿਆ ਸੀ, ਜਿੱਥੇ ਉਸ ਦਿਨ ਸਿੱਖ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਖਿਲਾਫ ਸ਼ਾਂਤਮਈ ਧਰਨੇ ’ਤੇ ਬੈਠੀਆਂ ਸਨ। ਜਾਂਚ ਰਿਪੋਰਟ ਅਨੁਸਾਰ ਉਸ ਵੇਲੇ ਦੇ ਡੀ ਜੀ ਪੀ ਸੁਮੇਧ ਸੈਣੀ ਅਤੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਨੇ ਕੁਝ ਪੁਲਸ ਅਧਿਕਾਰੀਆਂ ਤੇ ਸਿਆਸੀ ਆਗੂਆਂ ਨਾਲ ਸਾਜ਼ਿਸ਼ ਕਰ ਕੇ ਸ਼ਾਂਤ ਮਈ ਧਰਨੇ ’ਤੇ ਜਬਰ ਸ਼ੁਰੂ ਕਰ ਦਿੱਤਾ। ਇਥੇ ਚੱਲੀ ਗੋਲੀ ਨਾਲ ਦੋ ਸਿੱਖ ਨੌਜਵਾਨਾਂ ਕ੍ਰਿਸ਼ਨ ਭਗਵਾਨ ਸਿੰਘ ਤੇ ਗੁਰਜੀਤ ਸਿੰਘ ਦੀ ਮੌਕੇ ’ਤੇ ਮੌਤ ਹੋ ਗਈ ਅਤੇ 32 ਦੇ ਕਰੀਬ ਵਿਅਕਤੀ ਜ਼ਖਮੀ ਹੋਏ ਸਨ। ਇਸ ਪਿੱਛੋਂ ਪੁਲਸ ਅਫਸਰਾਂ ਨੇ ਦੋ ਸਿੱਖ ਨੌਜਵਾਨਾਂ ਦੇ ਕਤਲ ਨੂੰ ਜਾਇਜ਼ ਠਹਿਰਾਉਣ ਲਈ ਧਰਨਾਕਾਰੀਆਂ ’ਤੇ ਇਰਾਦਾ ਕਤਲ ਤੇ ਪੁਲਸ ’ਤੇ ਹਮਲਾ ਕਰਨ ਦੇ ਦੋਸ਼ਾਂ ਦਾ ਕੇਸ ਦਰਜ ਕਰ ਦਿੱਤਾ ਸੀ। ਜਾਂਚ ਟੀਮ ਨੇ ਪੜਤਾਲ ਪਿੱਛੋਂ ਦਾਅਵਾ ਕੀਤਾ ਹੈ ਕਿ ਪੁਲਸ ਦੀ ਜਿਪਸੀ ’ਚ ਗੋਲੀਆਂ ਧਰਨਾ ਕਾਰੀਆਂ ਨੇ ਨਹੀਂ ਸੀ ਮਾਰੀਆਂ, ਸਗੋਂ ਪੁਲਸ ਅਫਸਰਾਂ ਨੇ ਖੁਦ ਨੂੰ ਬਚਾਉਣ ਲਈ ਜਿਪਸੀ ਨੂੰ ਆਪ ਗੋਲੀਆਂ ਮਾਰ ਕੇ ਝੂਠੀ ਗਵਾਹੀ ਬਣਾਈ ਸੀ। ਥਾਣਾ ਬਾਜਾਖਾਨਾ ਦੇ ਐਸ ਐਚ ਓ ਇਕਬਾਲ ਹੁਸੈਨ ਨੇ ਕਿਹਾ ਕਿ ਜਾਂਚ ਦੇ ਆਧਾਰ ’ਤੇ ਇਸ ਥਾਣੇ ਵਿੱਚ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਅਤੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਦੋਸ਼ੀ ਵਜੋਂ ਨਾਮਜ਼ਦ ਕੀਤਾ ਗਿਆ ਹੈ। ਜਾਂਚ ਟੀਮ ਦੀ ਇਸ ਕਾਰਵਾਈ ਤੋਂ ਬਾਅਦ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਅਤੇ ਆਈ ਪਰਮਰ-ਾਜ ਸਿੰਘ ਉਮਰਾਨੰਗਲ ਨੇ ਅਗਾਊਂ ਜ਼ਮਾਨਤ ਲਈ ਕਾਨੂੰਨੀ ਲੜਾਈ ਸ਼ੁਰੂ ਕਰ ਦਿੱਤੀ ਹੈ। ਵਿਸ਼ੇਸ਼ ਜਾਂਚ ਟੀਮ ਇਨ੍ਹਾਂ ਦੋਵਾਂ ਅਧਿਕਾਰੀਆਂ ਨੂੰ ਹਾਲ ਦੀ ਘੜੀ ਗ੍ਰਿਫਤਾਰ ਨਹੀਂ ਕਰ ਸਕਦੀ, ਕਿਉਂਕਿ ਗ੍ਰਿਫਤਾਰੀ ਤੋਂ ਪਹਿਲਾਂ ਇੱਕ ਹਫਤੇ ਦਾ ਨੋਟਿਸ ਦੇਣਾ ਲਾਜ਼ਮੀ ਹੈ।

## ਨਵ ਜੰਮੀ ਬੱਚੀ ਨੂੰ ਕੂੜੇ ਦੇ ਢੇਰ ਉੱਤੇ ਸੁੱਟਿਆ

ਧਰਮਕੋਟ, 29 ਸਤੰਬਰ (ਪੋਸਟ ਬਿਊਰੋ)- ਧਰਮਕੋਟ ਨੇੜੇ ਪੈਂਦੇ ਪਿੰਡ ਫਤਿਹਗੜ੍ਹ ਕੋਰੋਟਾਣਾ ਵਿਖੇ ਪਿੰਡ ਦੇ ਸਰਪੰਚ ਦਿਲਬਾਗ ਸਿੰਘ ਨੇ ਦੱਸਿਆ ਕਿ ਕੱਲ੍ਹ ਸਵੇਰੇ ਕਰੀਬ ਸੱਤ ਵਜੇ ਪਿੰਡ ਵਿਚਲੀਆਂ ਰੂੜੀਆਂ ’ਤੇ ਕੂੜਾ ਸੁੱਟਣ ਗਈ ਪਿੰਡ ਦੀ ਔਰਤ ਨੂੰ ਇੱਕ ਲਿਫ਼ਾਫ਼ੇ ਵਿੱਚ ਕੁਝ ਹਿਲਦਾ ਦਿੱਸਿਆ ਤਾਂ ਉਸ ਵਿੱਚ ਨਵ-ਜਨਮੀ ਬੱਚੀ ਕੁਰਲਾ ਰਹੀ ਸੀ। ਇਸ ਉੱਤੇ ਪਿੰਡ ਵਾਲਿਆਂ ਨੂੰ ਉਸ ਨੇ ਸੂਚਨਾ ਦਿੱਤੀ। ਸਰਪੰਚ ਦਿਲਬਾਗ ਸਿੰਘ ਨੇ ਦੱਸਿਆ ਕਿ ਜਦੋਂ ਮੈਂ ਜਾ ਕੇ ਵੇਖਿਆ ਅਤੇ ਪੁਲਸ ਤੇ ਸਿਹਤ ਵਿਭਾਗ ਨੂੰ ਦੱਸਿਆ ਤਾਂ ਪੁਲਸ ਅਤੇ ਸਿਹਤ ਵਿਭਾਗ ਦੀ ਟੀਮ ਉਥੇ ਪੁੱਜੀ।

ਸਿਹਤ ਵਿਭਾਗ ਟੀਮ ਦੇ ਮੈਂਬਰ ਜਗਸੀਰ ਸਿੰਘ ਫਾਰਮਾਸਿਸਟ ਨੇ ਦੱਸਿਆ ਕਿ ਫਤਿਹਗੜ੍ਹ ਕੋਰੋਟਾਣਾ ਡਿਸਪੈਂਸਰੀ ਵਿੱਚ ਸੁਖਜੀਤ ਕੌਰ, ਕਮਲਜੀਤ ਕੌਰ, ਗੁਰਜੀਤ ਕੌਰ ਏ ਐਨ ਐਮ ਨੇ ਇਸ ਬੱਚੀ ਨੂੰ ਮੁੱਢਲੀ ਡਾਕਟਰੀ ਸਹਾਇਤਾ ਦੇਣ ਪਿੱਛੋਂ ਸਿਵਲ ਹਸਪਤਾਲ ਮੋਗਾ ਵਿਖੇ ਪਹੁੰਚਾ ਦਿੱਤਾ ਹੈ, ਜਿੱਥੇ ਬੱਚੀ ਠੀਕ ਹੈ। ਇਸ ਬਾਰੇ ਥਾਣਾ ਮੁਖੀ ਗੁਲਜਿੰਦਰ ਪਾਲ ਸਿੰਘ ਸੇਖੋਂ ਨੇ ਦੱਸਿਆ ਕਿ ਪੁਲਸ ਵੱਲੋਂ ਇਸ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

ਸ਼੍ਰੋਮਣੀ ਕਮੇਟੀ ਦਾ ਨਵਾਂ ਸਟੈਂਡ:

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨੂੰ ਅੱਗ ਲੱਗਣ ਦੀ ਘਟਨਾ ਕੋਈ ‘ਬੇਅਦਬੀ ਨਹੀਂ’

ਅੰਮ੍ਰਿਤਸਰ, 29 ਸਤੰਬਰ (ਪੋਸਟ ਬਿਊਰੋ)- ਅਕਾਲੀ-ਭਾਜਪਾ ਰਾਜ ਦੌਰਾਨ 19 ਮਈ 2016 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਲੇ ਗੁਰੂ ਗ੍ਰੰਥ ਸਾਹਿਬ ਭਵਨ ਵਿਖੇ ਅੱਗ ਲੱਗਣ ਦੀ ਘਟਨਾ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦਾ ਅੱਗ ਅਤੇ ਪਾਣੀ ਨਾਲ ਨੁਕਸਾਨ ਹੋਣ ਅਤੇ ਇਸ ਤੋਂ ਬਾਅਦ ਲਾਪਤਾ ਦੱਸੇ ਜਾਂਦੇ 328 ਸਰੂਪਾਂ ਦਾ ਮਾਮਲਾ ਕੁਝ ਮਹੀਨਿਆਂ ਤੋਂ ਸਿੱਖ ਪੰਥ ’ਚ ਚਰਚਾ ਦਾ ਵਿਸ਼ਾ ਬਣਿਆ ਪਿਆ ਹੈ, ਪਰ ਇਸ ਸੋਮਵਾਰ ਦੇ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਦੌਰਾਨ ਪਾਸ ਕੀਤੇ ਮਤਿਆਂ ’ਚ ਇੱਕ ਮਤਾ ਇਹ ਪਾਸ ਕੀਤਾ ਗਿਆ ਹੈ ਕਿ ਇਹ ਬੇਅਦਬੀ ਦੀ ਘਟਨਾ ਨਹੀਂ, ਸਿਰਫ ਕਰਮਚਾਰੀਆਂ ਦੇ ਨਿੱਜੀ ਸਵਾਰਥ ਨਾਲ ਜੁੜਿਆ ਮਾਮਲਾ ਹੈ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਅਜਲਾਸ ਵਿੱਚ 14 ਦੇ ਕਰੀਬ ਮਤੇ ਪੇਸ਼ ਕੀਤੇ ਸਨ, ਜਿਨ੍ਹਾਂ ਵਿੱਚ ਆਖ਼ਰੀ ਮਤਾ ਇਸ ਬਾਰੇ ਸੀ। ਇਸ ਮਤੇ ’ਚ ਲੌਂਗੋਵਾਲ ਨੇ ਕਿਹਾ ਕਿ ਜਨਰਲ ਇਜਲਾਸ ਮਹਿਸੂਸ ਕਰਦਾ ਹੈ ਕਿ ਪਬਲੀਕੇਸ਼ਨ ਵਿਭਾਗ (ਸ਼੍ਰੋਮਣੀ ਕਮੇਟੀ) ਦੇ ਕੁਝ ਕਰਮਚਾਰੀਆਂ ਵੱਲੋਂ ਗ਼ੈਰ-ਜ਼ਿੰਮੇਵਾਰ ਢੰਗ ਨਾਲ ਡਿਊਟੀ ਕਰਨ ਨਾਲ ਕੀਤੀਆਂ ਬੇਨਿਯਮੀਆਂ ਅਤੇ ਸੰਗਤ ਨੂੰ ਦਿੱਤੇ ਪਾਵਨ ਸਰੂਪਾਂ ਦੀ ਭੇਟਾ ਨਿੱਜੀ ਲਾਲਚ ਵੱਸ ਖ਼ੁਦ ਵਰਤਣ ਤੋਂ ਸੰਸਥਾ ਨੂੰ ਚਿੰਤਾਜਨਕ ਹਾਲਾਤ ਦਾ ਸਾਹ-ਮਣਾ ਕਰਨਾ ਪਿਆ ਹੈ। ਇਹ ਮਾਮਲਾ ਬੇਹੱਦ ਦੁਖਦਾਈ ਹੈ, ਪ੍ਰੰਤੂ ਬੇਅਦਬੀ ਦੀ ਘਟਨਾ ਨਹੀਂ, ਸਗੋਂ ਕਰਮਚਾਰੀਆਂ ਦੇ ਨਿੱਜੀ ਸਵਾਰਥ ਨਾਲ ਜੁੜਿਆ ਮਾਮਲਾ ਹੈ। ਉਨ੍ਹਾਂ ਕਿਹਾ ਕਿ ਜਾਂਚ ਰਿਪੋਰਟ ’ਚ ਦੋਸ਼ੀ ਪਾਏ ਗਏ ਮੁਲਾਜ਼ਮਾਂ ਉੱਤੇ ਸ਼੍ਰੋਮਣੀ ਕਮੇਟੀ ਨੇ ਸਖ਼ਤ ਕਾਰਵਾਈ ਕੀਤੀ ਹੈ। ਉਨ੍ਹਾਂ ਕਿਹਾ ਕਿ 19 ਮਈ 2016 ਨੂੰ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਪਾਵਨ ਸਰੂਪ ਅਗਨ ਭੇਟ ਹੋਣ ਦੀ ਘਟਨਾ ਲਈ ਓਦੋਂ ਦੀ ਅੰਤ੍ਰਿੰਗ ਕਮੇਟੀ ਨੂੰ ਅਕਾਲ ਤਖ਼ਤ ਸਾਹਿਬ ਤੋਂ ਤਨਖ਼ਾਹ ਲਾਈ ਜਾ ਚੁੱਕੀ ਹੈ। ਇਹ ਜਨਰਲ ਇਜਲਾਸ ਵੀ ਸਮੁੱਚੇ ਕੇਸ ਦੀ ਖ਼ਾਲਸਾ ਪੰਥ ਤੋਂ ਖਿਮਾ ਯਾਚਨਾ ਕਰਦਾ ਹੈ। ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਪਾਵਨ ਸਰੂਪਾਂ ਦੇ ਮਾਮਲੇ ’ਚ ਸ਼੍ਰੋਮਣੀ ਕਮੇਟੀ ਨੂੰ ਨਿਤ ਦਿਨ ਘੇਰਨ ਵਾਲੇ ਵਿਰੋਧੀ ਧਿਰਾਂ ਦੇ ਮੈਂਬਰਾਂ ਨੇ ਵੀ ਕੋਈ ਇਤਰਾਜ਼ ਨਹੀਂ ਕੀਤਾ, ਸਗੋਂ ਪਟਿਆਲਾ ਤੋਂ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਇਸ ਗੱਲ ਦੀ ਤਾਈਦ ਕੀਤੀ ਕਿ ਉਹ ਬੇਅਦਬੀ ਦੀ ਘਟਨਾ ਨਹੀਂ, ਅਮਾਨਤ ਵਿੱਚ ਖ਼ਿਆਨਤ ਸੀ।

# ਕਾਰੋਬਾਰ ਦੀ ਗਦਾਰੀ ਤੋਂ ਦੁਖੀ ਹੋਏ ਵਪਾਰੀ ਵੱਲੋਂ ਖੁਦਕੁਸ਼ੀ


ਪਟਿਆਲਾ, 29 ਸਤੰਬਰ (ਪੋਸਟ ਬਿਊਰੋ)- ਲਾਪਤਾ ਕੇਲਾ ਵਪਾਰੀ ਮਹਿੰਦਰ ਸਿੰਘ ਦੀ ਲਾਸ਼ ਕੱਲ੍ਹ ਸ਼ਾਮ ਜਯੋਤੀਸਰ ਨੇੜੇ ਨਰਵਾਨਾ ਬ੍ਰਾਂਚ ਨਹਿਰ ਵਿੱਚੋਂ ਮਿਲੀ ਹੈ। ਮਹਿੰਦਰ ਸਿੰਘ ਨੇ ਨਹਿਰ ਵਿੱਚ ਛਾਲ ਮਾਰ ਕੇ ਆਤਮ ਹੱਤਿਆ ਕੀਤੀ ਹੈ। ਮਰਨ ਤੋਂ ਪਹਿਲਾਂ ਉਸ ਨੇ ਆਪਣੀ ਡਾਕਟਰ ਬੇਟੀ ਨੂੰ ਮੋਬਾਈਲ ’ਤੇ ਵਾਇਸ ਮੈਸੇਜ ਵੀ ਭੇਜਿਆ, ਜਿਸ ਵਿੱਚ ਉਸ ਨੇ ਆਪਣੇ ਪਾਰਟਨਰਾਂ ਦੇ ਧੋਖੇ ਤੋਂ ਤੰਗ ਆ ਕੇ ਨਹਿਰ ਵਿੱਚ ਛਾਲ ਮਾਰਨ ਦੀ ਗੱਲ ਕਹੀ ਹੈ। ਪਰਵਾਰ ਨੇ ਦੱਸਿਆ ਕਿ ਐਤਵਾਰ ਸਵੇਰੇ ਮਹਿੰਦਰ ਸਿੰਘ ਕੰਮ ’ਤੇ ਜਾਣ ਬਾਰੇ ਕਹਿ ਕੇ ਗਏ ਸਨ। ਜਯੋਤੀਸਰ ਪੁਲਸ ਚੌਕੀ ਦੇ ਇੰਚਾਰਜ ਨਰੇਸ਼ ਕੁਮਾਰ ਨੇ ਦੱਸਿਆ ਕਿ ਜਯੋਤੀਸਰ ਦੇ ਨੇੜੇ ਲਾਸ਼ ਮਿਲਣ ਪਿੱਛੋਂ ਘਰਦਿਆਂ ਨੂੰ ਬੁਲਾ ਕੇ ਲਾਸ਼ ਦੀ ਸ਼ਨਾਖਤ ਕਰਵਾਈ ਸੀ। ਮਹਿੰਦਰ ਸਿੰਘ ਦੇ ਭਤੀਜੇ ਅਨਿਲ ਉਤਰੇਜਾ ਤੇ ਰਿਸ਼ਤੇਦਾਰ ਰਮੇਸ਼ ਕੁਮਾਰ ਬੱਤਰਾ ਨੇ ਦੱਸਿਆ ਕਿ ਮਹਿੰਦਰ ਸਿੰਘ ਪਟਿਆਲਾ ਵਿੱਚ ਕੇਲੇ ਦਾ ਵਪਾਰ ਕਰਦੇ ਹੁੰਦੇ ਸਨ। ਬੇਟੀ ਨੇ ਮੌਤ ਲਈ ਯਸ਼ਪਾਲ ਸਿੰਧੀ, ਸਤਨਾਮ ਹਸੀਜਾ, ਮਨਿੰਦਰ ਸ਼ਰਮਾ, ਰਮੇਸ਼ ਗਰਗਸ, ਰਾਜੀਵ ਰਹੇਜਾ ਅਤੇ ਹਰੀਸ਼ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਬੇਟੀ ਡਾ. ਗੀਤਾ ਨੇ ਦੱਸਿਆ ਕਿ ਉਸ ਦੇ ਪਿਤਾ ਨੇ ਸਤਨਾਮ ਹਸੀਜਾ ਨਾਲ ਇੱਕ ਸਟੋਰ ਖਰੀਦਿਆ ਸੀ। ਸਤਨਾਮ ਅਤੇ ਉਸ ਦੇ ਬੇਟੇ ਮਨੂ ਅਤੇ ਸੁਰਿੰਦਰ ਨੇ ਗੜਬੜ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਬੈਂਕ ਤੋਂ ਸਵਾ ਦੋ ਕਰੋੜ ਦਾ ਕਰਜ਼ਾ ਲਿਆ ਸੀ। ਬੀਤੇ ਨਵੰਬਰ ਵਿੱਚ ਉਸ ਦੇ ਵਿਆਹ ਤੋਂ ਬਾਅਦ ਉਨ੍ਹਾਂ ਨੇ ਮਨਿੰਦਰ ਸ਼ਰਮਾ ਅਤੇ ਉਸ ਦੇ ਪਿਤਾ ਰਮੇਸ਼ ਗਰਗਸ ਨੂੰ ਪਾਰਟਨਰ ਬਣਾਇਆ। ਰਮੇਸ਼, ਮਨਿੰਦਰ ਅਤੇ ਰਾਜੀਵ ਵਿਚਾਲੇ ਡੀਡ ਬਣਵਾਈ ਸੀ, ਜਿਸ ਵਿੱਚ ਦੋ ਕਰੋੜ ਦਾ ਗਬਨ ਮਿਲਿਆ।

# ਵਜੀਫਾ ਘਪਲੇ ਦਾ ਪਰਦਾ ਫਾਸ਼ ਕਰਨ ਵਾਲੇ ਸੀਨੀਅਰ ਅਧਿਕਾਰੀ ਦਾ ਤਬਾਦਲਾ

ਚੰਡੀਗੜ੍ਹ, 29 ਸਤੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਲਈ ਸਿਰਦਰਦੀ ਬਣੇ ਬਹੁ ਕਰੋੜੀ ਵਜ਼ੀਫ਼ਾ ਰਾਸ਼ੀ ਘੋਟਾਲੇ ’ਚ ਸਰਕਾਰ ਨੇ ਇਸ ਕੇਸ ’ਚ ਰਾਜ ਦੀ ਚੀਫ ਸੈਕਟਰੀ ਨੂੰ ਸੌਂਪੀ ਜਾਂਚ ਦੀ ਰਿਪੋਰਟ ਆਉਣ ਤੋਂ ਪਹਿਲਾਂ ਇਸ ਕੇਸ ਤੋਂ ਪਰਦਾ ਚੁੱਕਣ ਵਾਲੇ ਅਧਿਕਾਰੀ ਦਾ ਤਬਾਦਲਾ ਕਰ ਦਿੱਤਾ ਹੈ। ਸਾਲ 1989 ਬੈਚ ਦੇ ਸੀਨੀਅਰ ਆਈ ਏ ਐਸ ਅਧਿਕਾਰੀ ਕਿਰਪਾ ਸ਼ੰਕਰ ਸਰੋਜ ਨੂੰ ਪੰਜਾਬ ਸਰਕਾਰ ਨੇ ਬਦਲ ਕੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ ’ਚ ਐਡੀਸ਼ਨਲ ਚੀਫ ਸੈਕਟਰੀ ਲਾ ਦਿੱਤਾ ਹੈ। ਇਸ ਮਾਮਲੇ ’ਚ ਜਿੱਥੇ ਕਾਂਗਰਸ ਆਗੂ ਤੇ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋ ਵੱਲੋਂ ਸੀ ਬੀ ਆਈ ਜਾਂਚ ਦੀ ਮੰਗ ਕਰ ਦਿੱਤੀ ਗਈ ਸੀ, ਓਥੇ ਸਰਕਾਰ ਵੱਲੋਂ ਇਸ ਮਾਮਲੇ ਨੂੰ ਠੰਢੇ ਬਸਤੇ ’ਚ ਪਾਉਣ ਦੀ ਤਿਆਰੀ ਕਰ ਲਈ ਗਈ ਜਾਪਦੀ ਹੈ। ਸੀਨੀਅਰ ਅਕਾਲੀ ਨੇਤਾ ਡਾ. ਦਲਜੀਤ ਚੀਮਾ ਨੇ ਕਿਹਾ ਕਿ ਜਿਸ ਅਧਿਕਾਰੀ ਨੇ ਇਸ ਘੋਟਾਲੇ ਤੋਂ ਪਰਦਾ ਚੁੱਕਿਆ ਅਤੇ ਬਕਾਇਦਾ ਸਾਰੀ ਰਿਪੋਰਟ ਸਰਕਾਰ ਨੂੰ ਦਿੱਤੀ ਸੀ, ਉਸ ਨੂੰ ਕੇਸ ਦੀ ਜਾਂਚ ਰਿਪੋਰਟ ਆਉਣ ਤੋਂ ਪਹਿਲਾਂ ਬਦਲ ਦੇਣ ਨਾਲ ਤੋਂ ਸਾਫ਼ ਹੋ ਗਿਆ ਕਿ ਸਰਕਾਰ ਭ੍ਰਿਸ਼ਟਾਚਾਰ ਦੇ ਨਾਲ ਖੜ੍ਹੀ ਹੈ।



# ਟਰੰਪ ਨੇ ਟੈਕਸ ਵਜੋਂ ਅਮਰੀਕਾ ਨਾਲੋਂ ਵੱਧ ਰਕਮ ਭਾਰਤ ਵਿੱਚ ਜਮ੍ਹਾਂ ਕਰਵਾਈ



ਵਾਸ਼ਿੰਗਟਨ, 29 ਸਤੰਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵੀਹ ਸਾਲਾਂ ਤੋਂ ਵੱਧ ਦੇ ਇਨਕਮ ਟੈਕਸ ਭੁਗਤਾਨ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਾ ਹੈ ਕਿ ਉਨ੍ਹਾਂ ਨੇ 2016-17 ਵਿੱਚ ਸਿਰਫ 750 ਡਾਲਰ ਦਾ ਇਨਕਮ ਟੈਕਸ ਭਰਿਆ ਸੀ। ਟਰੰਪ ਅਤੇ ਉਨ੍ਹਾਂ ਦੀਆਂ ਕੰਪਨੀਆਂ ਨੇ ਇਸ ਇਸ ਤੋਂ ਕਿਤੇ ਵੱਧ 1,45,400 ਡਾਲਰ ਦਾ ਟੈਕਸ ਭਾਰਤ ਵਿੱਚ ਭਰਿਆ ਹੋਇਆ ਸੀ। ਇਸੇ ਸਾਲ ਡੋਨਾਲਡ ਟਰੰਪ ਦੀਆਂ ਕੰਪਨੀਆਂ ਨੇ ਪਨਾਮਾ ਵਿੱਚ 15,598 ਡਾਲਰ ਅਤੇ ਫਿਲਪੀਨਜ਼ ਵਿੱਚ 156,824 ਡਾਲਰ ਟੈਕਸ ਵਜੋਂ ਜਮਾਂ ਕਰਵਾਏ ਸਨ।

ਇਹ ਉਹੀ ਡੋਨਾਲਡ ਟਰੰਪ ਹਨ ਜਿਨਾਂ ਨੇ 2016 ਦੀ ਰਾਸ਼ਟਰਪਤੀ ਚੋਣ ਦੌਰਾਨ ਖੁਦ ਨੂੰ ਅਰਬ ਪਤੀ ਰੀਅਲ ਅਸਟੇਟ ਕਾਰੋਬਾਰੀ ਅਤੇ ਸਫਲ ਕਾਰੋਬਾਰੀ ਵਜੋਂ ਪੇਸ਼ ਕੀਤਾ ਸੀ ਤੇ ਕਾਂਟੇ ਦੀ ਟੱਕਰ ਵਿੱਚ ਰਾਸ਼ਟਰਪਤੀ ਚੁਣੇ ਗਏ ਸਨ। ਇਹ ਜਾਣਕਾਰੀ ਹੈਰਾਨ ਕਰਨ ਵਾਲੀ ਹੈ ਕਿ ਵ੍ਹਾਈਟ ਹਾਊਸ ਦੇ ਆਪਣੇ ਪਹਿਲੇ ਸਾਲ ਵਿੱਚ ਡੋਨਾਲਡ ਟਰੰਪ ਨੇ ਸਿਰਫ 750 ਡਾਲਰ ਇਨਕਮ ਟੈਕਸ ਭਰਿਆ ਸੀ। ਟਰੰਪ ਨੇ ਪਿਛਲੇ 15 ਸਾਲਾਂ ਵਿੱਚੋਂ 10 ਸਾਲ ਕੋਈ ਫੈਡਰਲ ਇਨਕਮ ਟੈਕਸ ਜਮ੍ਹਾਂ ਨਹੀਂ ਕਰਵਾਇਆ। ਇਸ ਦੌਰਾਨ ਉਨ੍ਹਾਂ ਨੇ ਆਪਣੀ ਪੂਰੀ ਕਮਾਈ ਦੀ ਤੁਲਨਾ ਵਿੱਚ ਨੁਕਸਾਨ ਵੱਧ ਦਿਖਾਇਆ।

# ਲਾਹੌਰ ਹਾਈ ਕੋਰਟ ਵਿੱਚ 'ਭਗਤ ਸਿੰਘ ਜ਼ਿੰਦਾਬਾਦ' ਵਾਲੇ ਨਾਅਰੇ ਲੱਗੇ

ਲਾਹੌਰ, 29 ਸਤੰਬਰ (ਪੋਸਟ ਬਿਊਰੋ)- ਲਾਹੌਰ ਹਾਈ ਕੋਰਟ ਬਾਰ ਐਸੋਸੀਏਸ਼ਨ ਦੇ ਡੈਮੋਕ੍ਰੇਟਿਕ ਪਾਰਕ ਵਿੱਚ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਚੇਅਰਮੈਨ ਇਮਤਿਆਜ਼ ਰਾਸ਼ਿਦ ਕੁਰੈਸ਼ੀ ਦੀ ਪ੍ਰਧਾਨਗੀ 'ਚ ਸ਼ਹੀਦ ਭਗਤ ਸਿੰਘ ਦਾ 113ਵਾਂ ਜਨਮ ਦਿਹਾੜਾ ਮਨਾ ਕੇ ਕੱਲ੍ਹ ਉਨ੍ਹਾਂ ਦੇ ਵਿਚਾਰਾਂ 'ਤੇ ਚਰਚਾ ਕੀਤੀ ਗਈ ਹੈ।

ਇਸ ਮੌਕੇ ਹਾਜ਼ਰ ਵਕੀਲਾਂ ਨੇ ਬਾਕਾਇਦਾ ਜਨਮ ਦਿਨ ਦਾ ਕੇਕ ਕੱਟ ਕੇ 'ਜ਼ਿੰਦਾ ਹੈ, ਭਗਤ ਸਿੰਘ ਜ਼ਿੰਦਾ ਹੈ' ਅਤੇ 'ਭਗਤ ਸਿੰਘ ਨੂੰ ਸਾਡਾ ਸਲਾਮ' ਦੇ ਨਾਅਰੇ ਲਾਏ। ਵਕੀਲ ਅਬਦੁਲ ਰਾਸ਼ਿਦ ਕੁਰੈਸ਼ੀ ਨੇ ਮਤਾ ਪੇਸ਼ ਕਰਦਿਆਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਸ਼ਹੀਦ ਭਗਤ ਸਿੰਘ ਨੂੰ 'ਭਾਰਤ ਰਤਨ' ਅਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮ-ਰਾਨ ਖ਼ਾਨ ਨੂੰ ਪਾਕਿਸਤਾਨ ਦੇ ਸਭ ਤੋਂ ਵੱਡੇ ਪੁਰਸਕਾਰ 'ਨਿਸ਼ਾਨ-ਏ-ਪਾਕਿਸਤਾਨ' ਨਾਲ ਸਨਮਾਨਿਤ ਕਰਨ ਦੀ ਮੰਗ ਕੀਤੀ। ਇਸ ਮੌਕੇ ਪੀਰ ਸਈਦ ਕਲੀਮ ਅਹਿਮਦ ਖ਼ੁਰਸ਼ੀਦ, ਰਾਣਾ ਜ਼ੀਆ ਅਬਦਲ ਰਹਿਮਾਨ, ਵਕੀਲ ਹਾਫ਼ਿਜ਼ ਉਰ ਰਹਿਮਾਨ ਚੌਧਰੀ, ਰਾਜਾ ਜ਼ੁਲਕਾਰ ਨੈਣ



ਵਕੀਲ, ਸਈਦ ਮਨਜ਼ੂਰ ਅਲੀ ਗਿਲਾਨੀ, ਸਈਦ ਅਲਮਸਤ ਹੈਦਰ ਕਾਜ਼ਮੀ, ਮੀਆਂ ਮੁਹੰਮਦ ਬਸ਼ੀਰ, ਜ਼ਲੀਲ ਅਹਿਮਦ ਖ਼ਾਨ, ਅੱਲਾ ਬਖ਼ਸ਼ ਗੌਂਦਲ ਅਤੇ ਚੌਧਰੀ ਐਮ ਅਸ਼ਰਫ਼ ਚੀਮਾ ਆਦਿ ਹਾਜ਼ਰ ਸਨ। ਲਾਹੌਰ ਤੋਂ ਬਾਬਰ ਜਲੰਧਰੀ ਨੇ ਮੀਡੀਆ ਨੂੰ ਇਸ ਬਾਰੇ ਦੱਸਿਆ ਕਿ ਫ਼ੈਸਲਾਬਾਦ ਸ਼ਹਿਰ ਦੇ ਪਿੰਡ ਬੰਗਾ ਦੇ ਚੱਕ ਨੰਬਰ 105 ਵਿੱਚ ਮੌਜੂਦ ਸ਼ਹੀਦ ਭਗਤ ਸਿੰਘ ਦੇ ਜਨਮ ਸਥਾਨ ਵਿਖੇ ਸ਼ਹੀਦ-ਏ-ਆਜ਼ਮ ਦੇ ਪ੍ਰਸੰਸਕਾਂ ਵੱਲੋਂ ਕੇਕ ਕੱਟ ਕੇ ਚੌਧਰੀ ਸਾਕਿਬ ਵਿਰਕ ਦੀ ਅਗਵਾਈ ਹੇਠ ਜਨਮ ਦਿਹਾੜਾ ਬੜੇ ਉਤਸ਼ਾਹ ਨਾਲ ਮਨਾਇਆ ਗਿਆ।

# ਬਿਡੇਨ ਵੱਲੋਂ ਅਮਰੀਕੀ ਸਿੱਖਾਂ ਨੂੰ ਲੁਭਾਉਣ ਦੀ ਸ਼ੁਰੂਆਤ



ਵਾਸ਼ਿੰਗਟਨ, 29 ਸਤੰਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਵਿੱਚ ਡੈਮੋਕਰੇਟਿਕ ਉਮੀਦਵਾਰ ਜੋਅ ਬਿਡੇਨ ਦੇ ਪ੍ਰਚਾਰ ਨਾਲ ਜੁੜੀ ਟੀਮ ਨੇ ਅਮਰੀਕਾ ਵਿੱਚ ਸਿੱਖ ਭਾਈਚਾਰੇ ਦੇ ਲੋਕਾਂ ਵਿੱਚ ਜਗ੍ਹਾ ਬਣਾਉਣ ਲਈ ਪਹਿਲ ਕੀਤੀ ਹੈ ਅਤੇ ਦੇਸ਼ ਵਿੱਚ ਘੱਟ ਗਿਣਤੀਆਂ ਨੂੰ ਜੇਨੋਫੋਬਿਆ (ਵਿਦੇਸ਼ੀ ਲੋਕਾਂ ਤੋਂ ਡਰ) ਦੀਆਂ ਚੁਣੌਤੀਆਂ ਦਾ ਹੱਲ ਕੱਢਣ ਦਾ ਸੰਕਲਪ ਵੀ ਲਿਆ ਹੈ। ਇਸ ਮੁਹਿੰਮ ਦਾ ਨਾਮ ਹੈ 'ਸਿੱਖ ਅਮੇਰੀਕਨਸ ਫਾਰ ਬਾਈਡੇਨ'।

ਬਿਡੇਨ ਦੀ ਪ੍ਰਚਾਰ ਮੁਹਿੰਮ ਟੀਮ ਨੇ ਕਿਹਾ ਕਿ ਸਕੂਲਾਂ ਵਿੱਚ ਸਿੱਖ ਅਮਰੀਕੀ ਨੌਜਵਾਨਾਂ ਦੀ ਸੁਰੱਖਿਆ ਬਾਰੇ ਵੀ ਉਸ ਦੀਆਂ ਯੋਜਨਾਵਾਂ ਹਨ। ਉਨ੍ਹਾ ਕਿਹਾ ਕਿ ਅਮਰੀਕੀ ਸਿੱਖਾਂ ਨੂੰ ਧਮਕਾਉਣ ਦੀ ਦਰ ਰਾਸ਼ਟਰੀ ਔਸਤ ਤੋਂ ਦੁੱਗਣੀ ਹੈ। 2017 ਤੋਂ ਅਜਿਹੇ ਕੇਸ ਵਧੇ ਹਨ। ਪ੍ਰਸਿੱਧ ਨਾਗਰਿਕ ਅਧਿਕਾਰ ਵਰਕਰ ਅਤੇ ਸਿੱਖ ਅਮੈਰੀਕਨ ਨੈਸ਼ਨਲ ਲੀਡਰਸ਼ਿਪ ਕੌਂਸਲ ਦੀ ਮੈਂਬਰ ਕਿਰਨ ਕੌਰ ਗਿੱਲ ਨੇ ਦੋਸ਼ ਲਾਇਆ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਿਤਕਰੇ ਅਤੇ ਡਰਾਉਣ ਧਮਕਾਉਣ ਨੂੰ ਨਾ ਕੇਵਲ ਨਜ਼ਰ ਅੰਦਾਜ ਕੀਤਾ ਹੈ, ਸਗੋਂ ਇਸ ਵਿਚ ਵਾਧਾ ਵੀ ਕਰ ਦਿੱਤਾ ਹੈ। ਸਿੱਖ ਅਮੈਰੀਕਨ ਨੈਸ਼ਨਲ ਲੀਡਰਸ਼ਿਪ ਕੌਂਸਲ ਅਸਲ ਵਿੱਚ ਸਿੱਖ ਅਮੈਰੀਕਨਸ ਫਾਰ ਬਿਡੇਨ ਦੀ ਸਲਾਹਕਾਰ ਹੈ। ਇਕ ਹੋਰ ਨਾਗਰਿਕ ਅਧਿਕਾਰ ਵਰਕਰ ਵਾਲਾਰੀ ਕੌਰ ਨੇ ਕਿਹਾ ਕਿ ਇਹ ਚੋਣ ਹੋਰ ਚੋਣਾਂ ਤੋਂ ਅਲੱਗ ਹੈ। ਸਿੱਖਾਂ ਦੇ ਵਡੇਰਿਆਂ ਨੇ ਜਿਸ ਵੀ ਚੀਜ਼ ਦੇ ਲਈ ਲੜਾਈ ਲੜੀ, ਭਾਵੇਂ ਉਹ ਬਰਾਬਰੀ ਦਾ ਹੱਕ ਹੋਵੇ, ਇਜ਼ਤ ਦਾ ਹੋਵੇ ਜਾਂ ਨਿਆਂ ਹੋਵੇ, ਉਸ ਲਈ ਉਨ੍ਹਾਂ ਦਾ ਸਭ ਕੁਝ ਦਾਅ 'ਤੇ ਲੱਗਾ ਹੈ।

# ਚੀਨ ਨੇ ਉਈਗਰ ਮੁਸਲਮਾਨਾਂ ਵਿਰੁੱਧ ਜ਼ੁਲਮ ਦੀਆਂ ਹੱਦਾਂ ਟੱਪੀਆਂ



ਪੇਇਚਿੰਗ, 29 ਸਤੰਬਰ (ਪੋਸਟ ਬਿਊਰੋ)- ਉਈਗਰ ਮੁਸਲਮਾਨਾਂ 'ਤੇ ਚੀਨ ਸਰਕਾਰ ਦੇ ਜ਼ੁਲਮਾਂ ਨੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ, ਜਿਸ ਨਾਲ ਨਾਲ ਸੈਂਕੜੇ ਪਾਕਿਸਤਾਨੀਆਂ ਦਾ ਜੀਵਨ ਵੀ ਪ੍ਰਭਾਵਿਤ ਹੋਇਆ ਹੈ ਅਤੇ ਉਨ੍ਹਾਂ ਉੱਤੇ ਵੀ ਜ਼ੁਲਮ ਹੋ ਰਹੇ ਹਨ, ਜਿਸ ਬਾਰੇ ਪਾਕਿਸਤਾਨ ਵਿੱਚ ਵੀ ਰੋਸ ਫੈਲ ਰਿਹਾ ਹੈ।

ਦੱਖਣੀ ਏਸ਼ੀਆ ਤੋਂ ਪੱਛਮ ਤੱਕ ਦੁਨੀਆ ਤੱਕ ਦੇ ਦੇਸ਼ਾਂ ਨੂੰ ਪ੍ਰੇਸ਼ਾਨ ਕਰਨ ਵਾਲੇ ਚੀਨ ਨੇ ਆਪਣੇ ਦੇਸ਼ ਦੇ ਅੰਦਰ ਉਈਗਰ ਮੁਸਲਮਾਨਾਂ ਦੇ ਵਿਰੁੱਧ ਖਤਰਨਾਕ ਮੁਹਿੰਮ ਛੇੜੀ ਹੋਈ ਹੈ। ਚੀਨ ਦੇ ਸ਼ਿੰਜਿਆਂਗ ਸੂਬੇ 'ਚ ਉਈਗਰਾਂ ਉਤੇ ਢਾਹੇ ਜਾ ਰਹੇ ਜ਼ੁਲਮ ਬਾਰੇ ਦੁਨੀਆ ਵਿੱਚ ਚਰਚੇ ਹਨ। ਤਾਜ਼ਾ ਕੇਸ ਸਿਕੰਦਰ ਹਯਾਤ ਨਾਂ ਦੇ ਆਦਮੀ ਦਾ ਹੈ, ਜਿਸ ਦੀ ਉਈਗਰ ਪਤਨੀ ਅਤੇ ਬੇਟੇ ਨੂੰ ਚੀਨ ਦੀ ਸਰਕਾਰ ਨੇ ਡਿਟੈਂਸ਼ਨ ਕੈਂਪ 'ਚ ਰੱਖਿਆ ਹੋਇਆ ਹੈ। ਰਿਪੋਰਟਾਂ ਮੁਤਾਬਕ ਹਾਲਾਤ ਕੁਝ ਇਸ ਤਰ੍ਹਾਂ ਹਨ ਕਿ ਹਯਾਤ ਦੀਆਂ ਬੇਟੀਆਂ ਨੂੰ ਯਤੀਮਖ਼ਾਨੇ 'ਚ ਰਹਿਣ ਲਈ ਮਜ਼ਬੂਰ ਹੋਣਾ ਪਿਆ ਹੈ। ਸਿਕੰਦਰ ਹਯਾਤ ਸਿਰਫ ਇਸ ਲਈ ਬਾਹਰ ਰਹਿ ਗਏ ਕਿ ਉਹ ਪਾਕਿਸਤਾਨੀ ਨਾਗਰਿਕ ਹਨ। ਚੀਨ ਸਰਕਾਰ ਦੀਆਂ ਨੀਤੀਆਂ ਕਾਰਨ ਇੱਕ ਪਾਕਿਸਤਾਨੀ ਦਾ ਪੂਰਾ ਪਰਵਾਰ ਖਿੱਲਰ ਚੁੱਕਿਆ ਹੈ।

ਹਯਾਤ ਨੇ ਸ਼ਿੰਜਿਆਂਗ ਦੀ ਇੱਕ ਔਰਤ ਨਾਲ ਵਿਆਹ ਕੀਤਾ ਸੀ। ਓਦੋਂ ਹਯਾਤ ਚੀਨ 'ਚ ਰਹਿੰਦੇ ਸਨ। ਬਾਅਦ 'ਚ ਘੱਟ ਗਿਣਤੀਆਂ 'ਤੇ ਹੋ ਰਹੇ ਚੀਨ ਦੇ ਜ਼ੁਲਮ ਤੋਂ ਤੰਗ ਆ ਕੇ ਉਨ੍ਹਾਂ ਨੇ 2017 ਵਿੱਚ ਆਪਣੇ ਬੇਟੇ ਅਰਾਫਤ ਦੇ ਨਾਲ ਬਾਰਡਰ ਪਾਰ ਕੀਤਾ ਅਤੇ ਪਾਕਿਸਤਾਨ ਆ ਗਏ। ਉਨ੍ਹਾਂ ਨੂੰ ਪਾਕਿਸਤਾਨ ਆਇਆਂ ਅਜੇ ਕੁਝ ਦਿਨ ਹੋਏ ਸਨ ਕਿ ਚੀਨ ਤੋਂ ਫ਼ੋਨ 'ਤੇ ਦੱਸਿਆ ਗਿਆ ਕਿ ਕੁਝ ਚੀਨੀ ਅਧਿਕਾਰੀ ਉਨ੍ਹਾਂ ਦੀ ਪਤਨੀ ਨੂੰ ਡਿਟੈਂਸ਼ਨ ਕੈਂਪ ਵਿੱਚ ਲੈ ਗਏ ਹਨ। ਫੋਨ ਉੱਤੇ ਉਨ੍ਹਾਂ ਦੇ ਬੇਟੇ ਨੂੰ ਰਿਸ਼ਤੇਦਾਰਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਬੇਟੇ ਨੂੰ ਵੀ ਪੁੱਛਗਿੱਛ ਲਈ ਸੱਦਿਆ ਗਿਆ ਹੈ। ਸਿਕੰਦਰ ਆਪਣੇ ਬੇਟੇ ਦੇ ਨਾਲ ਚੀਨ ਲਈ ਚੱਲ ਪਏ ਤੇ ਡਿਟੈਂਸ਼ਨ ਕੈਂਪ ਪੁੱਜੇ। ਇੱਥੇ ਸਿਕੰਦਰ ਹਯਾਤ ਨੂੰ ਉਦੋਂ ਇੱਕ ਹੋਰ ਵੱਡਾ ਝੱਟਕਾ ਲੱਗਾ ਜਦੋਂ ਉਨ੍ਹਾਂ ਦੇ ਬੇਟੇ ਨੂੰ ਵੀ ਉਈਗਰ ਹੋਣ ਕਾਰਨ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਨੂੰ ਕਿਹਾ ਗਿਆ ਕਿ ਇੱਕ-ਦੋ ਹਫ਼ਤਿਆਂ 'ਚ ਉਨ੍ਹਾਂ ਦੇ ਬੇਟੇ ਨੂੰ ਛੱਡ ਦਿੱਤਾ ਜਾਵੇਗਾ, ਪਰ 2017 ਤੋਂ ਅੱਜ ਤੱਕ ਨਹੀਂ ਛੱਡਿਆ।

# ਇਮਰਾਨ ਖਾਨ ਨਾਲ ਕ੍ਰਿਕਟਰਾਂ ਦੀ ਮੁਲਾਕਾਤ ਉੱਤੇ ਪਾਕਿ ਕ੍ਰਿਕਟ ਬੋਰਡ ਨਾਰਾਜ਼

ਕਰਾਚੀ, 29 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਮੁੱਖ ਕੋਚ ਅਤੇ ਮੁੱਖ ਚੋਣਕਾਰ ਮਿਸਬਾਹ ਉਲ ਹੱਕ, ਟੈਸਟ ਕ੍ਰਿਕਟ ਕਪਤਾਨ ਅਜ਼ਹਰ ਅਲੀ ਅਤੇ ਸੀਨੀਅਰ ਬੱਲੇਬਾਜ਼ ਮੁਹੰਮਦ ਹਫੀਜ਼ ਨੇ ਘਰੇਲੂ ਕ੍ਰਿਕਟ ਵਿੱਚ ਵਿਭਾਗੀ ਟੀਮਾਂ ਨੂੰ ਬਹਾਲ ਕਰਨ ਲਈ ਪ੍ਰਧਾਨ ਮੰਤਰੀ ਇਮਰਾਨ ਖਾਨ ਨਾਲ ਮੁਲਾਕਾਤ ਕੀਤੀ ਹੈ, ਜਿਹੜੀ ਪਾਕਿਸਤਾਨ ਕ੍ਰਿਕਟ ਬੋਰਡ (ਪੀ ਸੀ ਬੀ) ਨੂੰ ਨਾਖੁਸ਼ਗਵਾਰ ਗੁਜ਼ਰੀ ਅਤੇ ਉਨ੍ਹਾਂ ਨੇ ਨਾਰਾਜ਼ਗੀ ਜਤਾਈ ਹੈ।

ਇਸ ਸੰਬੰਧ ਵਿੱਚ ਖਿਡਾਰੀਆਂ ਦੇ ਨੇੜਲੇ ਸੂਤਰਾਂ ਨੇ ਦੱਸਿਆ ਕਿ ਪੀ ਸੀ ਬੀ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ ਈ ਓ) ਵਸੀਮ ਖਾਨ ਇਨ੍ਹਾਂ ਖਿਡਾਰੀਆਂ ਨਾਲ ਮਿਲ ਕੇ ਨੀਤੀ ਫੈਸਲੇ ਵਿਰੁੱਧ ਪ੍ਰਧਾਨ ਮੰਤਰੀ ਨੂੰ ਮਿਲਣ ਜਾਣ ਉਤੇ ਨਾਰਾਜ਼ਗੀ ਪ੍ਰਗਟ ਕਰਨਗੇ। ਮਿਸਬਾਹ, ਅਜ਼ਹਰ ਅਤੇ ਹਫੀਜ਼ ਨੇ ਵਿਭਾਗੀ ਟੀਮਾਂ ਦੇ ਖਤਮ ਹੋਣ ਪਿੱਛੋਂ ਦੇਸ਼ ਦੇ ਕ੍ਰਿਕਟਰਾਂ ਨੂੰ ਪੇਸ਼ ਆਉਂਦੀਆਂ ਸਮੱਸਿਆਵਾਂ 'ਤੇ ਚਰਚਾ ਲਈ ਇਮਰਾਨ ਨੂੰ ਸਮਾਂ ਦੇਣ ਦੀ ਬੇਨਤੀ ਕੀਤੀ ਸੀ। ਇਸ ਮਹੀਨੇ ਦੇ ਸ਼ੁਰੂ ਵਿੱਚ ਉਨ੍ਹਾਂ ਨੂੰ ਮੁਲਾਕਾਤ ਲਈ ਸੱਦਿਆ ਗਿਆ ਸੀ। ਇਸ ਮੀਟਿੰਗ ਵਿੱਚ ਪੀ ਸੀ ਬੀ ਦੇ ਪ੍ਰਧਾਨ ਅਹਿਸਾਨ ਮਨੀ, ਸੀ ਈ ਵਸੀਮ ਖਾਨ ਵੀ ਹਜ਼ਾਰ ਸਨ। ਇਸ ਵਿੱਚ ਇਮਰਾਨ ਖਾਨ ਨੇ ਕੋਚਾਂ ਤੇ ਖਿਡਾਰੀਆਂ ਦੀਆਂ ਚਿੰਤਾਵਾਂ ਨੂੰ ਰੱਦ ਕਰਦੇ ਹੋਏ ਕਿਹਾ ਕਿ ਛੇ ਸੂਬਾਈ ਟੀਮਾਂ ਦੀ ਪਹਿਲੀ ਸ਼੍ਰੇਣੀ ਦੀ ਨਵੀਂ ਪ੍ਰਣਾਲੀ ਜਾਰੀ ਰਹੇਗੀ ਤੇ ਕਿਸੇ ਨਤੀਜੇ 'ਤੇ ਤੋਂ ਪਹਿਲਾਂ ਉਸ ਨੂੰ ਸਮਾਂ ਦਿੱਤਾ ਜਾਣਾ ਚਾਹੀਦਾ ਹੈ। ਮਨੀ ਅਤੇ ਵਸੀਮ ਬੋਰਡ ਦੇ ਨੀਤੀਗਤ ਫੈਸਲੇ ਨੂੰ ਪ੍ਰਧਾਨ ਮੰਤਰੀ ਤੱਕ ਲਿਜਾਣ ਤੋਂ ਖੁਸ਼ ਨਹੀਂ ਹਨ ਅਤੇ ਇਸ ਬਾਰੇ ਨਾਰਾਜ਼ਗੀ ਜਤਾਈ ਹੈ।






FRESH & LARGE VARIETY
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017










NEW CONDOS COMING SOON
Beautiful nature, luxurious amenities, a rooftop lifestyle park, close to urban conveniences, in vibrant downtown Mississauga.
Starting From $440,900

FREE ASSIGNMENT
PERMISSION TO LEASE DURING OCCUPANCY
CAPPED DEVELOPMENT CHARGERS

QUICK FACTS
Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

EXTENDED DEPOSIT STRUCTURE
$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy



Residential
Commercial
Investment

Century 21
President Realty Inc
Brokerage*
Independently Owned and Operated.
Grewalhomes.com

Jagdish Grewal
Sales Representative
416 877-6464
or E-mail Jagdish@grewalhomes.com

